ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 36 | Daily Newspaper Friday, February 22, 2019 | Tel: 905-793-2202 | Fax: 905-793-2282 | news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

## ਅੰਦਰ ਪੜ੍ਹੋ

ਵੱਡੇ ਬਾਦਲ ਨੇ ਪਹਿਲੀ ਵਾਰ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗੀ




ਭਾਰਤ ਦੇ ਦਬਾਅ ਹੇਠ ਪਾਕਿਸਤਾਨ ਨੇ ਕੁਝ ਅੱਤਵਾਦੀ ਸੰਗਠਨਾਂ ਉੱਤੇ ਪਾਬੰਦੀ ਲਾਈ




# ਨੇੜ ਭਵਿੱਖ ਵਿੱਚ ਸਟੀਲ ਟੈਰਿਫਜ਼ ਹਟਾ ਸਕਦਾ ਹੈ ਅਮਰੀਕਾ : ਡੇਵਿਡ ਮੈਕਨੌਟਨ

ਵਾਸ਼ਿੰਗਟਨ, 21 ਫਰਵਰੀ (ਪੋਸਟ ਬਿਊਰੋ): ਅਮਰੀਕਾ ਲਈ ਕੈਨੇਡਾ ਦੇ ਸਫੀਰ ਡੇਵਿਡ ਮੈਕਨੌਟਨ ਨੂੰ ਇਸ ਦੀ ਪੂਰੀ ਉਮੀਦ ਹੈ ਕਿ ਅਮਰੀਕਾ ਦੇ ਕਾਰੋਬਾਰਾਂ ਉੱਤੇ ਪੈ ਰਹੇ ਦਬਾਅ ਕਾਰਨ ਵਾਈਟ ਹਾਊਸ ਦੇ ਅਧਿਕਾਰੀਆਂ ਨੂੰ ਵੀ ਅਗਲੇ ਕੁੱਝ ਹਫਤਿਆਂ ਵਿੱਚ ਟੈਰਿਫਜ਼ ਹਟਾਉਣ ਲਈ ਮਜਬੂਰ ਹੋਣਾ ਪਵੇਗਾ। ਮੈਕਨੌਟਨ ਨੇ ਵਾਸ਼ਿੰਗਟਨ, ਡੀਸੀ ਵਿੱਚ ਕੈਨੇਡੀਅਨ ਅਮੈਰੀਕਨ ਬਿਜ਼ਨਸ ਕਾਊਂਸਲ ਨਾਲ ਪੈਨਲ ਡਿਸਕਸ਼ਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਆਖਿਆ ਕਿ ਅਮਰੀਕੀਆਂ ਨੂੰ ਇਹ ਅਹਿਸਾਸ ਹੋਣ ਲੱਗਿਆ ਹੈ ਕਿ




ਅਮਰੀਕਾ ਵੱਲੋਂ ਲਾਏ ਗਏ ਟੈਰਿਫਜ਼ ਨਾਲ ਅਸਲ ਵਿੱਚ ਉਨ੍ਹਾਂ ਨੂੰ ਹੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਚੁਫੇਰਿਓਂ ਪੈਣ ਵਾਲੇ ਇਸ ਤਰ੍ਹਾਂ ਦੇ ਦਬਾਅ ਨਾਲ ਸਾਨੂੰ ਹੱਲ ਮਿਲ ਜਾਵੇਗਾ। ਇਹ ਪੁੱਛੇ ਜਾਣ ਉੱਤੇ ਕਿ ਇਹ ਟੈਰਿਫਜ਼ ਕਦੋਂ ਤੱਕ ਹਟਣ ਦੀ ਉਮੀਦ ਹੈ ਤਾਂ ਉਨ੍ਹਾਂ ਆਖਿਆ ਕਿ ਕੁੱਝ ਹੀ ਹਫਤਿਆਂ ਵਿੱਚ ਅਜਿਹਾ ਹੋ ਸਕਦਾ ਹੈ।

ਜ਼ਿਕਰਯੋਗ ਹੈ ਕਿ ਯੂਐਸਐਮਸੀਏ ਡੀਲ ਸਬੰਧੀ ਗੱਲਬਾਤ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਕੈਨੇਡੀਅਨ ਤੇ ਮੈਕਸੀਕਨ ਸਟੀਲ ਉੱਤੇ 25 ਫੀ ਸਦੀ ਟੈਰਿਫ ਲਾਏ ਸਨ ਜਦਕਿ ਐਲੂਮੀਨੀਅਮ ਉੱਤੇ 10 ਫੀ ਸਦੀ ਟੈਰਿਫ ਲਾਏ ਗਏ ਸਨ। ਕੈਨੇਡੀਅਨ ਸਰਕਾਰ ਵੱਲੋਂ ਵੀ ਜਵਾਬੀ ਕਾਰਵਾਈ ਵਿੱਚ ਅਮਰੀਕਾ ਵਿੱਚ ਤਿਆਰ ਕਈ ਵਸਤਾਂ ਉੱਤੇ ਬਰਾਬਰ ਟੈਰਿਫਜ਼ ਲਾਏ ਗਏ ਸਨ। ਕੈਨੇਡਾ ਦੇ ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਵੀ ਮੈਕਨੌਟਨ ਦੀ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਟੈਰਿਫ ਜਲਦੀ ਹਟਾਏ ਜਾ ਸਕਦੇ ਹਨ।

## ਚੋਣਾਂ ’ਚ ਲਿਬਰਲਾਂ ਨੂੰ ਮਹਿੰਗਾ ਪੈ ਸਕਦਾ ਹੈ ਐਸਐਨਸੀ-ਲਾਵਾਲਿਨ ਮੁੱਦਾ

### ਸਰਵੇਖਣਾਂ ਵਿੱਚ ਕੰਜ਼ਰਵੇਟਿਵਾਂ ਦਾ ਪੱਲੜਾ ਭਾਰੀ



ਓਟਵਾ, 21 ਫਰਵਰੀ (ਪੋਸਟ ਬਿਊਰੋ) : ਐਸਐਨਸੀ-ਲਾਵਾਲਿਨ ਮਾਮਲੇ ਕਾਰਨ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਲਿਬਰਲ ਸਰਕਾਰ ਨੂੰ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦਾ ਅਸਰ ਕਰਵਾਏ ਗਏ ਨਵੇਂ ਸਰਵੇਖਣ ਤੋਂ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਵਾਰੀ ਫੈਡਰਲ ਚੋਣਾਂ ਵਿੱਚ ਲਿਬਰਲਾਂ ਦੀ ਗੱਡੀ ਵੀ ਲੀਹ ਤੋਂ ਉਤਰ ਸਕਦੀ ਹੈ।

ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਸਿਆਸੀ ਦਖਲ ਦਾ ਮੁੱਦਾ ਕਾਫੀ ਤੂਲ ਫੜ੍ਹ ਚੁੱਕਿਆ ਹੈ ਤੇ ਇਸ ਦੇ ਚੱਲਦਿਆਂ ਪਹਿਲਾਂ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਨੂੰ ਡੀਮੋਟ ਕੀਤਾ ਗਿਆ ਤੇ ਫਿਰ ਉਨ੍ਹਾਂ ਅਸਤੀਫਾ ਦੇ ਦਿੱਤਾ। ਇਸ ਮਾਮਲੇ ਨੇ ਹੀ ਕਥਿਤ ਤੌਰ ਉੱਤੇ ਟਰੂਡੋ ਦੇ ਪ੍ਰਿੰਸੀਪਲ ਸਕੱਤਰ ਗੈਰੀ ਬੱਟਜ ਨੂੰ ਵੀ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ। ਅਜੇ ਵੀ ਇਸ ਮਾਮਲੇ ਦੀਆਂ ਪਰਤਾਂ ਹੌਲੀ ਹੌਲੀ ਖੁੱਲ੍ਹ ਰਹੀਆਂ ਹਨ।

ਗਲੋਬ ਐਂਡ ਮੇਲ ਵੱਲੋਂ 7 ਫਰਵਰੀ ਨੂੰ ਪਹਿਲੀ ਵਾਰੀ ਇਸ ਮਾਮਲੇ ਬਾਰੇ ਰਿਪੋਰਟ ਕੀਤੇ ਜਾਣ ਤੋਂ ਬਾਅਦ ਕਰਵਾਏ ਗਏ ਪਹਿਲੇ ਸਰਵੇਖਣ ਵਿੱਚ ਇਹ ਸਾਹਮਣੇ ਆਇਆ ਹੈ ਕਿ ਲਿਬਰਲਾਂ ਨੂੰ ਚੋਣਾਂ ਵਿੱਚ ਇਹ ਮਾਮਲਾ ਕਾਫੀ ਮਹਿੰਗਾ ਪੈ ਸਕਦਾ ਹੈ। ਜੇ ਅੱਜ ਹੀ ਚੋਣਾਂ ਹੁੰਦੀਆਂ ਹਨ ਤਾਂ ਲਿਬਰਲਾਂ ਤੇ ਕੰਜਰਵੇਟਿਵਾਂ ਵਿੱਚੋਂ ਕੋਈ ਵੀ ਪਾਰਟੀ ਜਿੱਤ ਸਕਦੀ ਹੈ ਕਿਉਂਕਿ ਹੁਣ ਮੁਕਾ-ਬਲਾ ਕਾਫੀ ਫਸਵਾਂ ਹੋ ਚੁੱਕਿਆ ਹੈ।

...ਬਾਕੀ ਪੰਨਾ 6 ’ਤੇ

## ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਰੇਅਬੋਲਡ ਉੱਤੇ ਦਬਾਅ ਪਾਉਣ ਤੋਂ ਉੱਘੇ ਬਿਊਰੋਕ੍ਰੈਟ ਨੇ ਕੀਤਾ ਇਨਕਾਰ



ਓਟਵਾ, 21 ਫਰਵਰੀ (ਪੋਸਟ ਬਿਊਰੋ) : ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਸਾਬਕਾ ਮੰਤਰੀ ਜੋਡੀ ਵਿਲਸਨ ਰੇਅਬੋਲਡ ਉੱਤੇ ਕਿਸੇ ਕਿਸਮ ਦੀ ਕ੍ਰਿਮੀਨਲ ਕਾਰਵਾਈ ਨਾ ਕਰਨ ਲਈ ਪੀਐਮਓ ਵੱਲੋਂ ਪਾਏ ਗਏ ਦਬਾਅ ਬਾਰੇ ਕੈਨੇਡਾ ਦੇ ਸੱਭ ਤੋਂ ਸੀਨੀਅਰ ਬਿਊਰੋਕ੍ਰੈਟ ਦਾ ਕਹਿਣਾ ਇਹ ਹੈ ਕਿ ਹੋ ਸਕਦਾ ਹੈ ਕਿ ਰੇਅਬੋਲਡ ਨੂੰ ਦਬਾਅ ਮਹਿਸੂਸ ਹੋਇਆ ਹੋਵੇ ਪਰ ਸਵਾਲ ਇਹ ਹੈ ਕਿ ਕੀ ਉਹ ਅਢੁਕਵਾਂ ਸੀ?

ਪ੍ਰਿਵੀ ਕਾਊਂਸਲ ਦੇ ਕਲਰਕ ਮਾਈਕਲ ਵਰਨਿੱਕ ਨੇ ਹਾਊਸ ਆਫ ਕਾਮਨਜ਼ ਦੀ ਜਸਟਿਸ ਕਮੇਟੀ ਨੂੰ ਦੱਸਿਆ ਕਿ ਹਰ ਫੈਸਲਾ ਸਹੀ ਢੰਗ ਨਾਲ ਲੈਣ, ਉਸ ਨੂੰ ਮਨਜ਼ੂਰ ਕਰਵਾਉਣ ਜਾਂ ਨਾ ਕਰਵਾਉਣ, ਉਸ ਉੱਤੇ ਕਾਰਵਾਈ ਕਰਨ ਜਾਂ ਨਾ ਕਰਨ ਦਾ ਦਬਾਅ ਤਾਂ ਹੁੰਦਾ ਹੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਮੰਤਰੀ ਉੱਤੇ ਇਹ ਫੈਸਲਾ ਸਹੀ ਢੰਗ ਨਾਲ ਲੈਣ ਦਾ ਦਬਾਅ ਸੀ।

...ਬਾਕੀ ਪੰਨਾ 6 ’ਤੇ

## ਫੋਰਡ ਦੇ ਫੰਡਰੇਜ਼ਿੰਗ ਈਵੈਂਟ ਲਈ ਟਿਕਟਾਂ ਵੇਚਣ ਵਾਸਤੇ ਲਈ ਜਾ ਰਹੀ ਹੈ ਲਾਬੀਕਾਰਾਂ ਦੀ ਮਦਦ

ਓਨਟਾਰੀਓ, 21 ਫਰਵਰੀ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੀ ਸੱਤਾਧਾਰੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵੱਲੋਂ ਅਗਲੇ ਹਫਤੇ ਹੋਣ ਜਾ ਰਹੇ ਫੰਡਰੇਜ਼ਿੰਗ ਡਿਨਰ ਲਈ ਉੱਚ ਪੱਧਰੀ ਲਾਬਿੰਗ ਫਰਮਜ਼ ਨਾਲ ਸੰਪਰਕ ਕੀਤਾ ਹੈ ਤੇ ਪਾਰਟੀ ਦੇ ਸਮਰਥਕਾਂ ਨੂੰ ਇਸ ਡਿਨਰ ਲਈ 1250 ਡਾਲਰ ਪ੍ਰਤੀ ਪਲੇਟ ਦੇ ਹਿਸਾਬ ਨਾਲ ਟਿਕਟ ਵੇਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਡਿਕਸਨ ਰੋਡ ਉੱਤੇ ਸਥਿਤ ਟੋਰਾਂਟੋ ਕਾਂਗਰਸ ਸੈਂਟਰ ਉੱਤੇ ਬੁੱਧਵਾਰ ਨੂੰ ਹੋਣ ਜਾ ਰਹੇ ਇਸ ਸਮਾਰੋਹ ਦਾ ਆਯੋਜਨ ਪਾਰਟੀ ਦੇ ਇਤਿਹਾਸ ਵਿੱਚ ਸੱਭ ਤੋਂ ਵੱਡੇ ਫੰਡਰੇਜ਼ਰ ਤੇ ਪੀਸੀ ਓਨਟਾਰੀਓ ਫੰਡ ਚੇਅਰ ਟੋਨੀ ਮਿਏਲੇ ਵੱਲੋਂ ਕੀਤਾ ਜਾ ਰਿਹਾ ਹੈ। ...ਬਾਕੀ ਪੰਨਾ 6 ’ਤੇ

Best Insurance Rates
Auto • Home • Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
• Immigration
• Real Estate / Commercial Law
• Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home • Auto • Business • Trucking • R.E.S.P • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
• Initial Business Setup and Consultation
• Personal & Corporation
• Accounting & Bookkeeping Services
• Tax Planning
• HST, WSIB & Payroll Taxes
• CRA Appeals, Audits & Notice of Objection
• Cash Flow, Forecasts & Project Reports
• Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278
20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker | Crane
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com





PUNJAB SINDH FINANCE
TRUCK/TRAILER LOAN & REFINANCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



PATANJALI® Special on Sale

BUY 2 GET 1 FREE
- Aloe Vera Gel
- Herbal Toothpaste
- Any Shampoo
- Any Soap

Aloe Vera Gel | Toothpaste (Dant Kanti) | Hair Cleanser

Buy 1 and get 2nd 50% off
- Tulsi Vati
- Neem Vati



416.356.3987
647.773.7657

$4.99 Whole Wheat Atta

www.patanjalisewakendrabrampton.ca
patanjalibrampton@gmail.com

22-2120 North park Dr. Brampton L6S 0C9 905-790-1118 | 124-1065 Canadian place Mississauga L4W 0C2 905-238-3131 | 503 Ray Lawson Blvd #3 Brampton L6Y 0N2



ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops

100% Satisfaction On Time



We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਤਨਾਅ ਤੇ ਬਹੁਤ ਹੈ ਪਾਕਿ ਦੇ ਨਾਲ ਭਾਈ,
ਕਹਿ ਰਹੇ ਲੋਕ ਕਿ ਹੋਊ ਕੋਈ ਜੰਗ ਬੇਲੀ।
ਛੇੜ ਦਿਓ ਜੰਗ ਤੇ ਲਾਓ ਕੋਈ ਬਾਤ ਬੰਨੇ,
ਕੱਟੜ ਪੰਥੀ ਇਹ ਕਰਨ ਕਈ ਮੰਗ ਬੇਲੀ।
ਟੱਪ ਕੇ ਹੱਦਾਂ ਕਈ ਬੜੇ ਬਿਆਨ ਦਾਗਣ,
ਸ਼ਬਦਾਂ ਨਾਲ ਵੀ ਮਾਰਨ ਪਏ ਡੰਗ ਬੇਲੀ।
ਰੋਜ਼ ਇਹ ਹੀ ਬਿਆਨ ਕੁਝ ਫੁਕਰਿਆਂ ਦੇ,
ਪੜ੍ਹ-ਪੜ੍ਹ ਲੋਕ ਵੀ ਆਏ ਪਏ ਤੰਗ ਬੇਲੀ।
ਜਿਹੜੀ ਲੋੜ ਹੈ, ਸਿਰਫ ਸਰਕਾਰ ਕਰਸੀ,
ਫੁਕਰਾ ਢਾਣੀ ਜਰਨੈਲੀ ਪਈ ਝਾੜਦੀ ਊ।
ਛਾਪੀ ਵੇਖਣ ਲਈ ਫੋਟੋ ਅਖਬਾਰ ਅੰਦਰ,
ਫਿਰੇ ਸੜਕਾਂ ’ਤੇ ਸੰਘ ਜਿਹਾ ਪਾੜਦੀ ਊ।

ਤੀਸ ਮਾਰ ਖਾਂ

# ਵੱਡੇ ਬਾਦਲ ਨੇ ਪਹਿਲੀ ਵਾਰ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗੀ

### * ਨਾਲ ਕਿਹਾ: ਮੈਨੂੰ ਗ੍ਰਿਫਤਾਰ ਕਰਨਾ ਹੈ ਤਾਂ ਕਰ ਲਓ



ਚੰਡੀਗੜ੍ਹ, 21 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਵਿੱਚ ਅੱਜ ਪਹਿਲੀ ਵਾਰ ਜਨਤਕ ਮੁਆਫੀ ਮੰਗਦੇ ਹੋਏ ਆਪਣੀ ਗ੍ਰਿਫਤਾਰੀ ਦੀ ਪੇਸ਼ਕਸ਼ ਕੀਤੀ ਹੈ।

ਵਰਨਣ ਯੋਗ ਇਸ ਤੋਂ ਪਹਿਲਾਂ ਬਾਦਲ ਬਾਪ-ਬੇਟੇ ਨੇ ਬੇਅਦਬੀ ਮਾਮਲਿਆਂ ਬਾਰੇ ਸ੍ਰੀ ਅਕਾਲ ਤਖਤ ਵਿਖੇ ਜਾ ਕੇ ਮੁਆਫੀ ਮੰਗੀ ਸੀ, ਪਰ ਨਾਲ ਉਨ੍ਹਾਂ ਦਾ ਇਹ ਬਿਆਨ ਆਇਆ ਸੀ ਕਿ ਗੁਰੂ ਘਰ ਜਾ ਕੇ ਹਰ ਕੋਈ ਝੁਕਦਾ ਹੈ, ਅਸੀਂ ਵੀ ਝੁਕ ਗਏ ਹਾਂ, ਪਰ ਅੱਜ ਵੱਡੇ ਬਾਦਲ ਨੇ ਪਹਿਲੀ ਵਾਰ ਜਨਤਕ ਮੁਆਫੀ ਮੰਗ ਲਈ ਤੇ ਪੰਜਾਬ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੇ ਉਨ੍ਹਾਂ ਦੇ ਰਾਜ ਵਿੱਚ ਕਿਸੇ ਤਰ੍ਹਾਂ ਦੀ ਕਮੀ ਰਹਿ ਗਈ ਹੈ ਤਾਂ ਉਹ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਦੇ ਹਨ। ਇਸ ਦੇ ਨਾਲ ਵੱਡੇ ਬਾਦਲ ਨੇ ਰਾਜ ਸਰਕਾਰ ਨੂੰ ਆਪਣੀ ਗ੍ਰਿਫਤਾਰੀ ਦੀ ਵੀ ਪੇਸ਼ਕਸ਼ ਕੀਤੀ ਹੈ।

ਇਸ ਸੰਬੰਧ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਹੈ ਤਾਂ ਪੰਜਾਬ ਪੁਲਸ ਦੇ ਮੁਖੀ ਨੂੰ ਖੇਚਲ ਕਰਨ ਦੀ ਕੋਈ ਲੋੜ ਨਹੀਂ, ਉਹ ਖੁਦ ਚੰਡੀਗੜ੍ਹ ਆ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਉਮਰ ਹੀ ਜੇਲਾਂ ਵਿੱਚ ਨਿਕਲੀ ਹੈ, ਇਸ ਲਈ ਉਹ ਜੇਲ ਜਾਣ ਤੋਂ ਨਹੀਂ ਡਰਦੇ। ਸਾਬਕਾ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਦੀ ਸੋਚ ਹਮੇਸ਼ਾ ਬਾਦਲਾਂ ਨੂੰ ਗ੍ਰਿਫਤਾਰ ਕਰਨ ਦੀ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖੁਦ ਪੰਜਾਬ ਪੁਲਸ ਦੇ ਮੁਖੀ ਨੂੰ ਫੋਨ ਕਰਕੇ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਨੂੰ ਖੇਚਲ ਕਰਨ ਦੀ ਲੋੜ ਨਹੀਂ, ਮੈਂ ਖੁਦ ਹੀ ਪਿੰਡ ਬਾਦਲ ਤੋਂ ਚੰਡੀਗੜ੍ਹ ਆ ਗਿਆ ਹਾਂ। ਵੱਡੇ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਏਥੋਂ ਤੱਕ ਵੀ ਕਹਿ ਦਿੱਤਾ ਕਿ ਸ਼ਾਇਦ ਉਹ ਇਸ ਦੇ ਬਾਅਦ ਦੁਬਾਰਾ ਪਿੰਡ ਨਾ ਮੁੜ ਸਕਣ।


## COLUMBUS TRUCK WASH

Open 7 Days




A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

## REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY LOANS
- HOME RENOVATION
- WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400


# ਬਹਿਬਲ ਕਲਾਂ ਗੋਲੀ ਕਾਂਡ: ਪੰਜਾਬ ਪੁਲਸ ਦੇ ਸਾਬਕਾ ਮੁਖੀ ਸੁਮੇਧ ਸੈਣੀ ਨੂੰ ਐੱਸ ਆਈ ਟੀ ਵੱਲੋਂ ਪੇਸ਼ੀ ਲਈ ਸੰਮਨ



ਫਰੀਦਕੋਟ, 21 ਫਰਵਰੀ, (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਗ੍ਰਿਫਤਾਰ ਕਰਨ ਪਿੱਛੋਂ ਪੰਜਾਬ ਪੁਲਸ ਦੇ ਸਾਬਕਾ ਮੁਖੀ (ਡੀ ਜੀ ਪੀ) ਸੁਮੇਧ ਸਿੰਘ ਸੈਣੀ ਨੂੰ ਤਲਬ ਕਰ ਲਿਆ ਹੈ।

ਇਸ ਸੰਬੰਧ ਵਿੱਚ ਮਿਲੀ ਜਾਣਕਾਰੀ ਅਨੁਸਾਰ ਵਿਸ਼ੇਸ਼ ਜਾਂਚ ਟੀਮ ਨੇ ਸੁਮੇਧ ਸਿੰਘ ਸੈਣੀ ਨੂੰ ਇੱਕ ਨੋਟਿਸ ਭੇਜ ਕੇ 25 ਫਰਵਰੀ ਨੂੰ ਚੰਡੀਗੜ੍ਹ ਵਿੱਚ ਪੁਲਸ ਹੈੱਡਕੁਆਰਟਰ ਵਿਖੇ ਪੇਸ਼ ਹੋਣ ਨੂੰ ਕਿਹਾ ਹੈ। ਇਸ ਕੇਸ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਸਭ ਤੋਂ ਸੀਨੀਅਰ ਸਾਬਕਾ ਅਫਸਰ ਹਨ, ਜਿਨ੍ਹਾਂ ਕੋਲੋਂ ਐੱਸ ਆਈ ਟੀ ਪੁੱਛਗਿੱਛ ਕਰਨ ਜਾ ਰਹੀ ਹੈ। ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੇ ਬਹੁਤ ਕਰੀਬੀ ਮੰਨੇ ਜਾਂਦੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਪਿੱਛੋਂ ਸਾਬਕਾ ਡੀ ਜੀ ਪੀ ਸੈਣੀ ਨੂੰ ਵੀ ਘੇਰਾ ਪਾ ਲਿਆ ਗਿਆ ਹੈ। ਪਰਮਰਾਜ ਸਿੰਘ ਉਮਰਾਨੰਗਲ ਨੂੰ ਬੀਤੇ ਸੋਮਵਾਰ ਚੰਡੀਗੜ੍ਹ ਤੋਂ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੂੰ ਅਦਾਲਤ ਵਿੱਚ ਪੇਸ਼ ਕਰਨ ਪਿੱਛੋਂ 4 ਦਿਨਾਂ ਦੇ ਪੁਲਸ ਰਿਮਾਂਡ ’ਤੇ ਭੇਜ ਦਿੱਤਾ ਗਿਆ ਸੀ।

## ਪੰਜਾਬ ਕਾਂਗਰਸ ਵਲੋਂ ਡਾ. ਮਨਮੋਹਨ ਸਿੰਘ ਨੂੰ ਅੰਮ੍ਰਿਤਸਰੋਂ ਚੋਣ ਲੜਾਉਣ ਦੀ ਤਜਵੀਜ਼



ਅੰਮ੍ਰਿਤਸਰ, 21 ਫਰਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਲੜਾਉਣ ਦੀ ਤਜਵੀਜ਼ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਕੋਲ ਰੱਖਣ ਦਾ ਫੈਸਲਾ ਕੀਤਾ ਹੈ। ਅੰਮ੍ਰਿਤਸਰ ਤੋਂ ਉਨ੍ਹਾਂ ਨੂੰ ਚੋਣਾਂ ਲੜਾਉਣ ਦੀ ਮੰਗ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਰਾਜ ਸਭਾ ਦੇ ਮੈਂਬਰ ਪ੍ਰਤਾਪ ਸਿੰਘ ਬਾਜਵਾ, ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਸਾਹਮਣੇ ਰੱਖੀ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਇਸ ਤਜਵੀਜ਼ ਬਾਰੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰ ਕੇ ਗੱਲ ਕਰਨਗੇ।

ਵਰਨਣ ਯੋਗ ਹੈ ਕਿ ਡਾ. ਮਨਮੋਹਨ ਸਿੰਘ ਮੂਲ ਰੂਪ ਤੋਂ ਭਾਵੇਂ ਹੁਸ਼ਿਆਰਪੁਰ ਦੇ ਹਨ, ਪਰ ਪਾਕਿਸਤਾਨ ਬਣਨ ਦੇ ਵਕਤ ਓਧਰੋਂ ਆ ਕੇ ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਵੱਸ ਗਿਆ ਸੀ। ਉਨ੍ਹਾਂ ਦੇ ਭਰਾਵਾਂ ਦਾ ਕਾਰੋਬਾਰ ਅੰਮ੍ਰਿਤਸਰ ਵਿੱਚ ਹੈ। ਡਾ: ਮਨਮੋਹਨ ਸਿੰਘ ਓਥੇ ਲਗਾਤਾਰ ਜਾਂਦੇ ਰਹਿੰਦੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਵਿਧਾਇਕਾਂ ਅਤੇ ਪਾਰਟੀ ਵਲੋਂ ਇਹ ਵਾਰ-ਵਾਰ ਮੰਗ ਆ ਰਹੀ ਹੈ ਕਿ ਡਾ. ਮਨਮੋਹਨ ਸਿੰਘ ਨੂੰ ਅੰਮ੍ਰਿਤਸਰੋਂ ਚੋਣ ਲੜਾਈ ਜਾਵੇ, ਕਿਉਂਕਿ ਉਹ ਪੂਰੀ ਦੁਨੀਆ ਲਈ ਮਿਸਾਲ ਹਨ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੂੰ ਇਹ ਸੁਨੇਹਾ ਜਲਦੀ ਹੀ ਪੁੱਜਦਾ ਕਰ ਦਿੱਤਾ ਜਾਵੇਗਾ, ਜੇ ਡਾ. ਮਨਮੋਹਨ ਸਿੰਘ ਚੋਣ ਲੜਦੇ ਹਨ ਤਾਂ ਇਹ ਪੰਜਾਬ ਦਾ ਮਾਣ ਹੋਵੇਗਾ।

### ਕਾਂਗਰਸ ਵੱਲੋਂ ਨਵਾਂ ਦੋਸ਼:

## ਦੇਸ਼ ਪੁਲਵਾਮਾ ਘਟਨਾ ਕਾਰਨ ਸਦਮੇ ਵਿੱਚ ਸੀ, ਮੋਦੀ ਸ਼ੂਟਿੰਗ ਵਿੱਚ ਰੁੱਝੇ ਸਨ



ਨਵੀਂ ਦਿੱਲੀ, 21 ਫਰਵਰੀ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਪੁਲਵਾਮਾ ਦੇ ਅੱਤਵਾਦੀ ਹਮਲੇ ਦੇ ਪਿਛੋਕੜ ਵਿੱਚ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਨਵਾਂ ਅਤੇ ਬਹੁਤ ਤਿੱਖਾ ਹਮਲਾ ਬੋਲਿਆ ਤੇ ਇਹ ਦੋਸ਼ ਲਾਇਆ ਕਿ ਸੱਤਾ ਨੂੰ ਬਚਾਉਣ ਲਈ ਉਹ ਆਪਣੇ ਜਵਾਨਾਂ ਦੀ ਸ਼ਹਾਦਤ ਅਤੇ ਰਾਜ ਧਰਮ ਨੂੰ ਵੀ ਭੁੱਲ ਗਏ ਸਨ।

ਇਸ ਸੰਬੰਧ ਵਿੱਚ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸਿੰਘ ਸੂਰਜੇਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅੱਜ ਏਥੇ ਕਿਹਾ ਕਿ ਪੁਲਵਾਮਾ ਹਮਲੇ ਬਾਰੇ ਮੋਦੀ ਸਰਕਾਰ ਨਾ ਕੋਈ ਸਿਆਸੀ ਜਵਾਬ ਦੇ ਰਹੀ ਹੈ ਤੇ ਨਾ ਆਪਣੀ ਜ਼ਿੰਮੇਵਾਰੀ ਦਾ ਪਾਲਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਵਾਮਾ ਵਿੱਚ ਹੋਏ ਹਮਲੇ ਸਮੇਂ ਦੇਸ਼ ਸਦਮੇ ਵਿੱਚ ਸੀ, ਪਰ ਮੋਦੀ ਜੀ ਡਿਸਕਵਰੀ ਚੈਨਲ ਲਈ ਆਪਣੀ ਫਿਲਮ ਬਣਵਾ ਰਹੇ ਅਤੇ ਚਾਹ ਪੀ ਰਹੇ ਸਨ। ਉਨ੍ਹਾਂ ਕਿਹਾ ਕਿ ਅਸੀਂ ਦੇਸ਼ ਨੂੰ ਯਾਦ ਦਿਵਾਉਣਾ ਚਾਹਾਂਗੇ ਕਿ ਜਦੋਂ ਮੁੰਬਈ ਵਿੱਚ 26 ਨਵੰਬਰ 2008 ਨੂੰ ਅੱਤਵਾਦੀ ਹਮਲਾ ਹੋਇਆ ਤਾਂ ਓਦੋਂ ਨਰਿੰਦਰ ਮੋਦੀ ਮੁੰਬਈ ਵਿੱਚ ਹਮਲੇ ਵਾਲੀ ਥਾਂ ਨੇੜੇ ਓਦੋਂ ਦੀ ਮਨਮੋਹਨ ਸਿੰਘ ਸਰਕਾਰ ਦੀ ਆਲੋਚਨਾ ਕਰਨ ਲਈ ਪ੍ਰੈੱਸ ਕਾਨਫਰੰਸ ਕਰ ਰਹੇ ਸਨ। ਮੰਦੇ ਭਾਗੀਂ ਨਰਿੰਦਰ ਮੋਦੀ ਲਈ ਸੱਤਾ ਦੀ ਲਾਲਸਾ ਇਸ ਦੇਸ਼ ਦੀ ਫੌਜ ਅਤੇ ਸ਼ਹੀਦਾਂ ਦੇ ਸਤਕਾਰ ਤੋਂ ਵੱਡੀ ਜਾਪਦੀ ਹੈ। ਮੋਦੀ ਜੀ ਰਾਜ-ਧਰਮ ਭੁੱਲ ਕੇ ਆਪਣਾ ਰਾਜ ਬਚਾਉਣ ਦੇ ਜੁਗਾੜ ਵਿੱਚ ਲੱਗੇ ਹੋਏ ਹਨ।


## AMAN TRAVEL
## ਅਮਨ ਟਰੈਵਲ

SPECIAL FARES TO DELHI & AMRITSAR
TICO # 50022741



LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## UK TRUCK TRAINING CENTRE
ukttc
PCC #179958
Registered as a Private Careers College
Forklift $79 Recertification
→ Automatic & Manual Trucks
○ 1:1 Training
→ Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

## ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
### ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ

ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।

ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।

ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।

ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।

Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।


ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

## SherGill Law Firm
Barrister, Solicitor & Notary Public

Services:
- Real Estate
- Residential, Commercial, Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

## ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਭਾਰਤ ਦੇ ਦਬਾਅ ਹੇਠ ਪਾਕਿਸਤਾਨ ਨੇ ਕੁਝ ਅੱਤਵਾਦੀ ਸੰਗਠਨਾਂ ਉੱਤੇ ਪਾਬੰਦੀ ਲਾਈ



ਇਸਲਾਮਾਬਾਦ, 21 ਫਰਵਰੀ, (ਪੋਸਟ ਬਿਊਰੋ)- ਪੁਲਵਾਮਾ ਵਿੱਚ ਪਿਛਲੇ ਹਫਤੇ ਹੋਏ ਦਹਿਸ਼ਤਗਰਦ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਦੀਆਂ ਕੂਟਨੀਤਿਕ ਕੋਸ਼ਿਸ਼ਾਂ ਦਾ ਕੁਝ ਅਸਰ ਦਿੱਸਣ ਲੱਗਾ ਹੈ। ਮੁੰਬਈ ਹਮਲੇ ਦਾ ਮਾਸਟਰ ਮਾਈਂਡ ਕਹੇ ਜਾਂਦੇ ਹਾਫਿਜ਼ ਸਈਦ ਦੇ ਅੱਤਵਾਦੀ ਸੰਗਠਨ ਜਮਾਤ-ਉਦ-ਦਾਵਾ ਉੱਤੇ ਪਾਕਿਸਤਾਨ ਸਰਕਾਰ ਨੇ ਪਾਬੰਦੀ ਲਾ ਦਿੱਤੀ ਹੈ। ਇਸ ਦੀ ਚੈਰਿਟੀ ਸ਼ਾਖਾ ਫਲਹ-ਏ ਇਨਸਾਨੀਅਤ ਉੱਤੇ ਵੀ ਪਾਬੰਦੀ ਲਾਈ ਹੈ। ਅੱਤਵਾਦੀ ਸੰਗਠਨਾਂ 'ਤੇ ਕਾਰਵਾਈ ਲਈ ਕੌਮਾਂਤਰੀ ਦਬਾਅ ਅੱਗੇ ਝੁਕ ਕੇ ਪਾਕਿ-ਸਤਾਨ ਨੇ ਇਹ ਕਦਮ ਚੁੱਕਿਆ ਹੈ।

ਉਂਜ ਸੰਸਾਰ ਦੇ ਕੁਝ ਰਣਨੀਤਕ ਮਾਹਰਾਂ ਦਾ ਖਿਆਲ ਹੈ ਕਿ ਇਹ ਦੁਨੀਆ ਦੀਆਂ ਨਜ਼ਰਾਂ ਵਿੱਚ ਧੂੜ ਝੋਕਣ ਲਈ ਪਾਕਿਸਤਾਨ ਦੀ ਇਕ ਚਾਲ ਵੀ ਹੋ ਸਕਦੀ ਹੈ। ਫਿਰ ਵੀ ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪ੍ਰਧਾਨਗੀ ਵਿੱਚ ਹੋਈ ਕੌਮੀ ਸੁਰੱਖਿਆ ਕੌਂਸਲ ਦੀ ਬੈਠਕ ਵਿੱਚ ਜਮਾਤ ਉਦ ਦਾਵਾ ਅਤੇ ਉਸ ਦੇ ਚੈਰਿਟੀ ਸੰਗਠਨ ਉੱਤੇ ਪਾਬੰਦੀ ਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਸੰਗਠਨਾਂ ਉੱਤੇ ਪਹਿਲਾਂ ਤੋਂ ਨਜ਼ਰ ਰੱਖੀ ਜਾ ਰਹੀ ਸੀ। ਇਮਰਾਨ ਖ਼ਾਨ ਦੇ ਦਫ਼ਤਰ ਵਿੱਚ ਹੋਈ ਬੈਠਕ ਵਿੱਚ ਫ਼ੌਜ ਦੇ ਮੁਖੀ ਜਨਰਲ ਬਾਜਵਾ ਤੇ ਕਈ ਮੰਤਰੀ ਮੌਜੂਦ ਸਨ। ਜਾਰੀ ਕੀਤੇ ਬਿਆਨ ਅਨੁਸਾਰ ਇਸ ਬੈਠਕ ਵਿੱਚ ਪਾਬੰਦੀ ਸ਼ੁਦਾ ਸੰਗਠਨਾਂ ਦੇ ਖ਼ਿਲਾਫ਼ ਕਾਰਵਾਈ ਤੇਜ਼ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ। ਸੁਰੱਖਿਆ ਅਧਿਕਾਰੀਆਂ ਅਨੁਸਾਰ ਜਮਾਤ ਉਦ ਦਾਵਾ ਲਗਭਗ ਤਿੰਨ ਸੌ ਮਦਰੱਸੇ ਅਤੇ ਸਕੂਲ, ਹਸਪਤਾਲ ਅਤੇ ਛਪਾਈ ਘਰ ਚਲਾਉਂਦਾ ਹੈ। ਉਸ ਦੇ ਦੋਵੇਂ ਸੰਗਠਨਾਂ ਵਿੱਚ 50 ਹਜ਼ਾਰ ਤੋਂ ਵੱਧ ਵਲੰਟੀਅਰ ਅਤੇ ਸੈਂਕੜੇ ਕਰਮਚਾਰੀ ਦੱਸੇ ਜਾਂਦੇ ਹਨ।

ਅਸਲ ਵਿੱਚ ਜਮਾਤ ਉਦ ਦਾਵਾ ਪੁਰਾਣੇ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਦਾ ਇੱਕ ਮੁਖੌਟਾ ਸੰਗਠਨ ਹੈ। ਅਮਰੀਕਾ ਵੱਲੋਂ ਲਸ਼ਕਰ-ਇ-ਤਾਇਬਾ ਉੱਤੇ ਪਾਬੰਦੀ ਲਾਏ ਜਾਣ ਪਿੱਛੋਂ ਆਪਣੀਆਂ ਗਤੀਵਿਧੀਆਂ ਨੂੰ ਜਾਰੀ ਰੱਖਣ ਲਈ ਉਸ ਨੇ ਨਵਾਂ ਸੰਗਠਨ ਜਮਾਤ ਉਦ ਦਾਵਾ ਬਣਾ ਲਿਆ ਸੀ, ਜਿਸ ਦੇ ਅੱਤਵਾਦੀਆਂ ਨੇ 26 ਨਵੰਬਰ 2008 ਨੂੰ ਮੁੰਬਈ ਵਿੱਚ ਹਮਲਾ ਕੀਤਾ ਸੀ ਤੇ ਉਸ ਵਿੱਚ ਕਈ ਵਿਦੇਸ਼ੀਆਂ ਸਮੇਤ 166 ਲੋਕ ਮਾਰੇ ਗਏ ਸਨ। ਅਮਰੀਕਾ ਨੇ ਜੂਨ 2014 ਵਿੱਚ ਲਸ਼ਕਰੇ-ਤਾਇਬਾ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਐਲਾਨਿਆ ਸੀ।

ਅੱਜ ਦੀ ਬੈਠਕ ਵਿੱਚ ਇਮਰਾਨ ਖ਼ਾਨ ਨੇ ਆਪਣੀ ਫ਼ੌਜ ਨੂੰ ਲੋੜ ਮੁਤਾਬਕ ਹਰ ਕਦਮ ਦੀ ਪੂਰੀ ਛੋਟ ਵੀ ਦਿੱਤੀ ਹੈ। ਉਨ੍ਹਾ ਕਿਹਾ ਕਿ ਜੇ ਭਾਰਤ ਵੱਲੋਂ ਕੋਈ ਕਾਰਵਾਈ ਹੋਵੇ ਤਾਂ ਫ਼ੌਜ ਨੂੰ ਉਸ ਦਾ ਜਵਾਬ ਦੇਣ ਦੀ ਛੋਟ ਹੈ। ਪੁਲ-ਵਾਮਾ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਿਹਾ ਸੀ ਕਿ ਹਮਲੇ ਦਾ ਬਦਲਾ ਲੈਣ ਲਈ ਸੁਰੱਖਿਆ ਫੋਰਸਾਂ ਨੂੰ ਪੂਰੀ ਛੋਟ ਦੇ ਦਿੱਤੀ ਹੈ। ਅੱਜ ਬੈਠਕ ਪਿੱਛੋਂ ਪਾਕਿ-ਸਤਾਨ ਸਰਕਾਰ ਨੇ ਕਿਹਾ ਹੈ ਕਿ ਇਮਰਾਨ ਸਰਕਾਰ ਦਿਖਾਉਣਾ ਚਾਹੁੰਦੀ ਹੈ ਕਿ ਉਹ ਆਪਣੇ ਨਾਗਰਿਕਾਂ ਦੀ ਸੁਰੱਖਿਆ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹਨ। ਫਿਰ ਵੀ ਇਸ ਬਿਆਨ ਵਿੱਚ ਪੁਲਵਾਮਾ ਹਮਲੇ ਵਿੱਚ ਪਾਕਿਸਤਾਨ ਦੀ ਕਿਸੇ ਤਰ੍ਹਾਂ ਦੀ ਵੀ ਭੂਮਿਕਾ ਤੋਂ ਇਕ ਵਾਰ ਇਨਕਾਰ ਕੀਤਾ ਗਿਆ ਹੈ।

# ਪਠਾਨਕੋਟ ਵਾਲੇ ਸ਼ੱਕੀ ਸਾਬਕਾ ਐੱਸ ਪੀ ਸਲਵਿੰਦਰ ਸਿੰਘ ਨੂੰ 15 ਸਾਲ ਦੀ ਕੈਦ



ਗੁਰਦਾਸਪੁਰ, 21 ਫਰਵਰੀ, (ਪੋਸਟ ਬਿਊਰੋ)- ਬਲਾਤਕਾਰ ਤੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ 15 ਫਰਵਰੀ ਨੂੰ ਦੋਸ਼ੀ ਮੰਨੇ ਗਏ ਤੇ ਪਠਾਨਕੋਟ ਏਅਰਬੇਸ ਉੱਤੇ ਅੱਤਵਾਦੀ ਹਮਲੇ ਵੇਲੇ ਸੁਰਖੀਆਂ ਵਿੱਚ ਆਏ ਸਾਬਕਾ ਐੱਸ ਪੀ ਸਲਵਿੰਦਰ ਸਿੰਘ ਨੂੰ ਅੱਜ ਜ਼ਿਲ੍ਹਾ ਤੇ ਸੈਸ਼ਨ ਕੋਰਟ ਨੇ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਉਸ ਉੱਤੇ 50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਸਲਵਿੰਦਰ ਸਿੰਘ ਨੂੰ ਬਲਾਤਕਾਰ ਕੇਸ ਵਿੱਚ 10 ਸਾਲ ਤੇ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਪੰਜ ਸਾਲ ਦੀ ਸਜ਼ਾ ਹੋਈ ਹੈ। ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ ਤੇ ਉਸ ਨੂੰ ਦੱਸ ਸਾਲ ਜੇਲ੍ਹ ਕੱਟਣੀ ਪਵੇਗੀ।

ਵਰਨਣ ਯੋਗ ਹੈ ਕਿ ਸਲਵਿੰਦਰ ਸਿੰਘ ਅੱਜ ਕੱਲ੍ਹ ਵਿੱਚ ਜ਼ਮਾਨਤ ਉੱਤੇ ਚੱਲ ਰਿਹਾ ਸੀ। ਕੇਸ ਦਾ ਦੋਸ਼ੀ ਮੰਨੇ ਜਾਣ ਪਿੱਛੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਸਲਵਿੰਦਰ ਸਿੰਘ ਨੇ ਕਿਹਾ ਕਿ ਉਸ ਨੂੰ ਫਸਾਇਆ ਗਿਆ ਹੈ। ਇਕ ਫੋਨ ਕਾਲ ਤੋਂ ਇਲਾਵਾ ਉਸ ਦੇ ਖਿਲਾਫ ਕੋਈ ਸਬੂਤ ਨਹੀਂ ਹੈ। ਉਹ ਇਸ ਕੇਸ ਬਾਰੇ ਹਾਈ ਕੋਰਟ ਜਾਣਗੇ। ਸਲਵਿੰਦਰ ਸਿੰਘ ਦੇ ਖਿਲਾਫ 3 ਅਗਸਤ 2016 ਨੂੰ ਗੁਰਦਾਸਪੁਰ ਥਾਣਾ ਸਿਟੀ ਵਿੱਚ ਬਲਾਤਕਾਰ ਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਹੋਇਆ ਸੀ। ਓਥੋਂ ਇਕ ਮਹਿਲਾ ਦੇ ਪਤੀ ਨੇ ਇਸ ਬਾਰੇ ਮੁੱਖ ਮੰਤਰੀ ਨੂੰ ਆਨਲਾਈਨ ਸ਼ਿਕਾਇਤ ਭੇਜੀ ਸੀ, ਜਿਸ ਦੀ ਜਾਂਚ ਪਠਾਨਕੋਟ ਦੇ ਐੱਸ ਪੀ, ਜੀ ਐੱਸ ਖੁਰਾਣਾ ਨੇ ਕੀਤੀ ਅਤੇ ਜਾਂਚ ਦੇ ਆਧਾਰ ਉੱਤੇ ਕੇਸ ਦਰਜ ਕੀਤਾ ਗਿਆ ਸੀ। ਪੀੜਤ ਦਾ ਦੋਸ਼ ਸੀ ਕਿ 2014 ਵਿੱਚ ਉਸ ਦੇ ਪਤੀ ਖਿਲਾਫ ਧਾਰੀਵਾਲ ਥਾਣੇ ਵਿੱਚ ਕੇਸ ਦਰਜ ਹੋਇਆ ਸੀ, ਜਿਸ ਦੀ ਜਾਂਚ ਐੱਸ ਪੀ ਸਲਵਿੰਦਰ ਸਿੰਘ ਕੋਲ ਸੀ। ਉਸ ਦਾ ਉਸ ਦੇ ਘਰ ਆਉਣ-ਜਾਣ ਸੀ। ਉਸ ਨੇ ਮਹਿਲਾ ਨੂੰ ਕਿਹਾ ਕਿ ਜੇ ਉਹ ਆਪਣੇ ਪਤੀ ਨੂੰ ਛੁਡਾਉਣਾ ਚਾਹੁੰਦੀ ਹੈ ਤਾਂ 50 ਹਜ਼ਾਰ ਰੁਪਏ ਦੇਣੇ ਤੇ ਉਸ ਨਾਲ ਸਰੀਰਕ ਸਬੰਧ ਬਣਾਉਣੇ ਪੈਣਗੇ। ਜਾਂਚ ਵਿੱਚ ਸਲਵਿੰਦਰ ਸਿੰਘ ਅਤੇ ਪੀੜਤ ਔਰਤ ਦੇ ਫੋਨ ਕਾਲ ਡਿਟੇਲ ਨਾਲ ਬਲਾਤਕ-ਾਰ ਤੇ ਰਿਸ਼ਵਤ ਦੇ ਦੋਸ਼ ਸਹੀ ਪਾਏ ਗਏ ਸਨ। ਕੇਸ ਦਾਇਰ ਹੋਣ ਵੇਲੇ ਸਲਵਿੰਦਰ ਸਿੰਘ ਪੀ ਏ ਪੀ ਦੀ 75ਵੀਂ ਬਟਾਲੀਅਨ ਜਲੰਧਰ ਦੇ ਸਹਾਇਕ ਕਮਾਂਡੈਂਟ ਸਨ। ਇਸ ਪਿੱਛੋਂ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਸਾਬਕਾ ਐੱਸ ਪੀ ਸਲਵਿੰਦਰ ਸਿੰਘ ਦਾ ਨਾਮ ਓਦੋਂ ਸੁਰਖੀਆਂ ਵਿੱਚ ਆਇਆ ਸੀ, ਜਦੋਂ ਪਾਕਿਸਤਾਨੀ ਅੱਤਵਾਦੀਆਂ ਨੇ 31 ਦਸੰਬਰ 2015 ਨੂੰ ਉਸ ਨੂੰ ਅਗਵਾ ਕਰ ਲਿਆ ਅਤੇ ਉਸ ਦੀ ਗੱਡੀ ਉੱਤੇ ਪਠਾਨਕੋਟ ਤਕ ਗਏ ਸਨ। ਅੱਤਵਾਦੀਆਂ ਨੇ ਸਲਵਿੰਦਰ ਸਿੰਘ ਨੂੰ ਸਹੀ ਸਲਾਮਤ ਪਠਾਨਕੋਟ ਨੇੜੇ ਛੱਡ ਦਿੱਤਾ ਸੀ। ਅੱਤਵਾਦੀਆਂ ਨੇ ਇਕ-ਦੋ ਜਨਵਰੀ ਨੂੰ ਪਠਾਨਕੋਟ ਏਅਰਬੇਸ ਉੱਤੇ ਹਮਲਾ ਕੀਤਾ ਸੀ। ਇਸ ਕੇਸ ਵਿੱਚ ਸਲਵਿੰਦਰ ਸਿੰਘ ਸ਼ੱਕ ਦੇ ਘੇਰੇ ਵਿੱਚ ਸੀ। ਕੌਮੀ ਸੁਰੱਖਿਆ ਏਜੰਸੀਆਂ ਨੇ ਵੀ ਉਸ ਤੋਂ ਲੰਮੀ ਪੁੱਛਗਿੱਛ ਕੀਤੀ ਸੀ।

# ਸ਼੍ਰੀਨਗਰ ਆਉਣ-ਜਾਣ ਲਈ ਪੈਰਾ ਮਿਲਟਰੀ ਵਾਲੇ ਜਵਾਨ ਹਵਾਈ ਯਾਤਰਾ ਕਰ ਸਕਣਗੇ



ਨਵੀਂ ਦਿੱਲੀ, 21 ਫਰਵਰੀ, (ਪੋਸਟ ਬਿਊਰੋ)- ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਹੋਏ ਹਮਲੇ ਪਿੱਛੋਂ ਕੇਂਦਰ ਸਰਕਾਰ ਨੇ ਜਵਾਨਾਂ ਦੀ ਸੁਰੱਖਿਆ ਦੇ ਪੱਖ ਤੋਂ ਅਹਿਮ ਫੈਸਲਾ ਲਿਆ ਹੈ। ਅੱਗੇ ਤੋਂ ਅਰਧ ਫੌਜੀ ਫੋਰਸਾਂ ਦੇ ਜਵਾਨ ਸ਼੍ਰੀਨਗਰ ਆਉਣ ਜਾਣ ਲਈ ਲੋੜ ਮੁਤਾਬਕ ਹਵਾਈ ਸਫਰ ਵੀ ਕਰ ਸਕਣਗੇ।

ਗ੍ਰਹਿ ਮੰਤਰਾਲਾ ਵੱਲੋਂ ਅੱਜ ਜਾਰੀ ਕੀਤੇ ਆਦੇਸ਼ ਮੁਤਾਬਕ ਦਿੱਲੀ-ਸ਼੍ਰੀਨਗਰ, ਸ਼੍ਰੀਨਗਰ-ਦਿੱਲੀ, ਜੰਮੂ-ਸ਼੍ਰੀਨਗਰ ਤੇ ਸ਼੍ਰੀਨਗਰ-ਜੰਮੂ ਵਿਚਾਲੇ ਯਾਤਰਾ ਲਈ ਹਵਾਈ ਸਫਰ ਕਰ ਸਕਣਗੇ। ਕੇਂਦਰੀ ਹਥਿਆਰਬੰਦ ਪੈਰਾ ਮਿਲਟਰੀ ਫੋਰਸਾਂ ਦੇ ਸਾਰੇ ਜਵਾਨਾਂ ਉੱਤੇ ਇਹ ਹੁਕਮ ਲਾਗੂ ਹੋਵੇਗਾ। ਇਸ ਹੁਕਮ ਨਾਲ ਅਰਧ ਫੌਜੀ ਫੋਰਸਾਂ ਨਾਲ ਜੁੜੇ 7,80,000 ਜਵਾਨਾਂ ਨੂੰ ਲਾਭ ਹੋਵੇਗਾ। ਇਸ ਫੈਸਲੇ ਨੂੰ ਤੁਰੰਤ ਲਾਗੂ ਕਰਨ ਦਾ ਆਦੇਸ਼ ਗ੍ਰਹਿ ਮੰਤਰਾਲੇ ਨੇ ਦਿੱਤਾ ਹੈ। ਹੁਕਮ ਮੁਤਾਬਕ ਜਵਾਨ ਡਿਊਟੀ ਦੌਰਾਨ ਯਾਤਰਾ ਕਰਨ ਤੋਂ ਬਿਨਾ ਛੁੱਟੀ ਉੱਤੇ ਸ਼੍ਰੀਨਗਰ ਤੋਂ ਵਾਪਸ ਜਾਣ ਜਾਂ ਆਉਣ ਲਈ ਹਵਾਈ ਯਾਤਰਾ ਕਰ ਸਕਣਗੇ। ਵਰਨਣ ਯੋਗ ਹੈ ਕਿ ਪੁਲਵਾਮਾ ਵਿਚ ਸੀ ਆਰ ਪੀ ਐੱਫ ਕਾਫਲੇ ਉੱਤੇ ਅਤਿਵਾਦੀ ਹਮਲੇ ਪਿੱਛੋਂ ਮੀਡੀਆ ਵਿਚ ਕਿਹਾ ਗਿਆ ਸੀ ਕਿ ਅਰਧ ਸੈਨਿਕ ਫੋਰਸਾਂ ਨੇ ਹਵਾਈ ਸਫਰ ਦੀ ਮੰਗ ਕੀਤੀ ਸੀ, ਪਰ ਮਨਜ਼ੂਰ ਨਹੀਂ ਕੀਤੀ ਗਈ। ਗ੍ਰਹਿ ਮੰਤਰਾਲਾ ਨੇ ਇਨ੍ਹਾਂ ਖ਼ਬਰਾਂ ਨੂੰ ਗਲਤ ਕਰਾਰ ਦਿੰਦੇ ਹੋਏ ਕਿਹਾ ਸੀ ਕਿ ਸੀ ਆਰ ਪੀ ਐੱਫ ਵਲੋਂ ਅਜਿਹੀ ਕੋਈ ਮੰਗ ਹੀ ਨਹੀਂ ਕੀਤੀ ਗਈ ਸੀ।

# ਆਈ ਐੱਸ ਦੇ ਹਮਾਇਤੀ ਰਹੇ ਲੋਕਾਂ ਉੱਤੇ ਆਸਟਰੇਲੀਆ ਨੇ ਦੋ ਸਾਲਾਂ ਦੀ ਰੋਕ ਲਾਈ

ਮੈਲਬਰਨ, 21 ਫਰਵਰੀ (ਪੋਸਟ ਬਿਊਰੋ)- ਇਰਾਕ ਜਾਂ ਸੀਰੀਆ ਵਿੱਚ ਇਸਲਾਮਿਕ ਸਟੇਟ ਲਈ ਲੜਨ ਵਾਸਤੇ ਗਏ ਆਪਣੇ ਉਨ੍ਹਾਂ ਨਾਗਰਿਕਾਂ ਦੇ ਦੇਸ਼ ਵਿੱਚ ਦਾਖਲੇ ਉੱਤੇ ਆਸਟਰੇਲੀਆ ਸਰਕਾਰ ਨੇ ਦੋ ਸਾਲਾ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਇਹ ਲੋਕ ਅੱਤਵਾਦੀ ਗਰੁੱਪ ਦੇ ਪਤਨ ਪਿੱਛੋਂ ਦੇਸ਼ ਮੁੜਨਾ ਚਾਹੁੰਦੇ ਹਨ। ਆਸਟਰੇਲੀਆ ਸਰਕਾਰ ਨੇ ਕਾਨੂੰਨ ਵਿੱਚ ਸੋਧ ਕਰਨ ਲਈ ਫੈਡਰਲ ਪਾਰਲੀਮੈਂਟ ਵਿੱਚ ਇਕ ਬਿੱਲ ਪੇਸ਼ ਕੀਤਾ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਟੇਨ, ਫਰਾਂਸ, ਜਰਮਨੀ ਤੇ ਹੋਰ ਯੂਰਪੀ ਸਹਿਯੋਗੀ ਦੇਸ਼ਾਂ ਨੂੰ ਫੜੇ ਜਾ ਚੁੱਕੇ ਉਨ੍ਹਾਂ ਲੜਾਕਿਆਂ ਨੂੰ ਵਾਪਸ ਲੈਣ ਅਤੇ ਉਨ੍ਹਾਂ ਖਿਲਾਫ ਕੇਸ ਚਲਾਉਣ ਨੂੰ ਕਿਹਾ ਸੀ, ਜੋ ਇਨ੍ਹਾਂ ਦੇਸ਼ਾਂ ਦੇ ਨਾਗਰਿਕ ਹਨ। ਆਸਟਰੇਲੀਆ ਦੇ ਗ੍ਰਹਿ ਮੰਤਰੀ ਪੀਟਰ ਡਿਊਟੇਂਨ ਨੇ ਦੱਸਿਆ ਕਿ 230 ਤੋਂ ਵੱਧ ਆਸਟਰੇਲੀਅਨ ਨਾਗਰਿਕ 2012 ਤੋਂ ਇਸਲਾਮਿਕ ਸਟੇਟ ਦੇ ਕਟੜਪੰਥੀਆਂ ਲਈ ਲੜਨ ਜਾਂ ਉਨ੍ਹਾਂ ਨੂੰ ਸਮਰਥਨ ਦੇਣ ਲਈ ਸੀਰੀਆ ਜਾਂ ਇਰਾਕ ਚਲੇ ਗਏ ਸਨ, ਪਰ ਆਈ ਐੱਸ ਦੀ ਤਾਕਤ ਘਟਣ ਪਿੱਛੋਂ ਇਨ੍ਹਾਂ ਵਿੱਚੋਂ ਆਸਟਰੇਲੀਆ ਦੇ ਕੁਝ ਲੋਕ ਵਾਪਸ ਪਰਤਣ ਦੀ ਕੋਸ਼ਿਸ਼ ਕਰ ਰਹੇ ਹਨ। ਪਾਰਲੀਮੈਂਟ ਦੇ ਹੇਠਲੇ ਸਦਨ ਵਿੱਚ ਇਹ ਬਿੱਲ ਪੇਸ਼ ਕਰਦੇ ਹੋਏ ਡਿਊਟੇਨ ਨੇ ਕਿਹਾ ਕਿ ਕੌਮੀ ਸੁਰੱਖਿਆ ਲਈ ਇਹ ਗੱਲ ਬੜੀ ਮਹੱਤਵ ਪੂਰਨ ਹੈ ਕਿ ਅਸੀਂ ਇਰਾਕ ਜਾਂ ਸੀਰੀਆ ਵਿੱਚ ਸੰਘਰਸ਼ ਵਾਲੇ ਹਿੱਸੇ ਵਿੱਚ ਗਏ ਆਸਟ੍ਰੇਲੀਅਨ ਨਾਗਰਿਕਾਂ ਨੂੰ ਜਿਥੋਂ ਤੱਕ ਹੋ ਸਕੇ, ਦੂਰ ਰੱਖੀਏ। ਉਨ੍ਹਾਂ ਕਿਹਾ ਕਿ ਸੀਰੀਆ ਜਾਂ ਇਰਾਕ 'ਚ ਅੱਤਵਾਦੀਆਂ ਲਈ ਲੜਨ ਵਾਲੇ ਜਾਂ ਅੱਤਵਾਦ ਨੂੰ ਸਮਰਥਨ ਦੇਣ ਵਾਲੇ ਆਸਟ੍ਰੇਲੀਅਨ ਲੋਕ ਖਾਸ ਕਰਕੇ ਆਈ ਐੱਸ ਦੀ ਤਾਕਤ ਕਮਜ਼ੋਰ ਹੋਣ ਪਿੱਛੋਂ ਖਤਰਾ ਪੇਸ਼ ਕਰਦੇ ਹਨ। ਡਿਊਟੇਨ ਨੇ ਕਿਹਾ ਕਿ ਇਸ ਕਰ ਕੇ ਅਸੀਂ ਟੈਂਪਰੇਰੀ ਐਕਸਕਲੂਜ਼ਨ ਆਰਡਰਸ ਬਿੱਲ ਪੇਸ਼ ਕਰ ਰਹੇ ਹਾਂ, ਜਿਹੜਾ ਦੂਜੇ ਦੇਸ਼ਾਂ ਵਿੱਚ ਗਲਤ ਕੰਮਾਂ ਵਿੱਚ ਸ਼ਾਮਲ ਰਹੇ ਆਸਟਰੇਲੀਆ ਨਾਗਰਿਕਾਂ ਨੂੰ ਆਸਟਰੇਲੀਆ ਮੁੜਨ ਤੋਂ ਕਾਨੂੰਨੀ ਤੌਰ 'ਤੇ ਦਸ ਸਾਲ ਰੋਕੇਗਾ।

# ਬਹਿਬਲ ਕਾਂਡ: ਜਾਂਚ ਟੀਮ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਦੋਸਤ ਦੇ ਘਰ ਛਾਪਾ

ਫਰੀਦਕੋਟ, 21 ਫਰਵਰੀ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਵਿੱਚ ਪੁਲਸ ਵੱਲੋਂ ਵਰਤੇ ਗਏ ਨਿੱਜੀ ਹਥਿਆਰ ਦੀ ਵਿਸ਼ੇਸ਼ ਜਾਂਚ ਟੀਮ ਨੇ ਪਛਾਣ ਕਰ ਲਈ ਹੈ। ਪੁਲਸ ਨੇ ਸਿੱਖ ਸੰਗਤ ਉਤੇ ਗੋਲੀਆਂ ਚਲਾਉਣ ਤੋਂ ਬਾਅਦ ਸਵੈ ਰੱਖਿਆ ਲਈ ਆਪਣੀਆਂ ਹੀ ਜਿਪਸੀਆਂ ਉਤੇ ਗੋਲੀਆਂ ਚਲਾ ਕੇ 200 ਅਣਪਛਾਤੇ ਲੋਕਾਂ ਦੇ ਖਿਲਾਫ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਦਿੱਤਾ ਸੀ, ਪਰ ਜਾਂਚ ਦੌਰਾਨ ਸਪੱਸ਼ਟ ਹੋਇਆ ਹੈ ਕਿ ਪੁਲਸ ਦੀ ਜਿਪਸੀ ਉਪਰ ਜੋ ਗੋਲੀਆਂ ਵੱਜੀਆਂ ਸਨ, ਉਹ ਦੋਨਾਲੀ ਰਾਈਫਲ ਨਾਲ ਪੁਲਸ ਅਫਸਰਾਂ ਨੇ ਖੁਦ ਮਾਰੀਆਂ ਸਨ।

*** ਪੁਲਸ ਵੱਲੋਂ ਵਰਤਿਆ ਨਿੱਜੀ ਹਥਿਆਰ ਅਕਾਲੀ ਆਗੂ ਦਾ ਨਿਕਲਿਆ**

ਹਰਿੰਦਰਾ ਨਗਰ ਫਰੀਦਕੋਟ ਦੇ ਵਸਨੀਕ ਇਕ ਨੌਜਵਾਨ ਐਡਵੋਕੇਟ ਨੂੰ ਜਾਂਚ ਟੀਮ ਨੇ ਪੁੱਛਗਿੱਛ ਲਈ ਕਪੂਰਥਲੇ ਬੁਲਾਇਆ ਸੀ। ਪੜਤਾਲ ਦੌਰਾਨ ਪਤਾ ਲੱਗਾ ਕਿ ਇਸ ਵਕੀਲ ਨੇ ਐਸ ਪੀ ਬਿਕਰਮ ਸਿੰਘ ਨੂੰ ਆਪਣੀ ਦੋਨਾਲੀ ਰਾਈਫਲ ਵਰਤਣ ਲਈ ਦਿੱਤੀ ਸੀ। ਜਿਸ ਵਕੀਲ ਦਾ ਹਥਿਆਰ ਬਹਿਬਲ ਕਾਂਡ ਵਿੱਚ ਵਰਤਿਆ ਗਿਆ ਹੈ, ਉਸ ਦੇ ਪਰਵਾਰ ਨਾਲ ਸੁਖਬੀਰ ਸਿੰਘ ਬਾਦਲ ਦੀ ਕਰੀਬੀ ਸਾਂਝ ਹੈ। ਜਾਂਚ ਟੀਮ ਨੇ ਕੱਲ੍ਹ ਇਸ ਵਕੀਲ ਦੇ ਘਰ ਛਾਪਾ ਮਾ-ਰਆ, ਪਰ ਛਾਪੇਮਾਰੀ ਦੌਰਾਨ ਘਰ ਵਿੱਚ ਵਕੀਲ ਨਹੀਂ ਮਿਲਿਆ। ਜਾਂਚ ਟੀਮ ਦੇ ਡਿਪਟੀ ਚੀਫ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਉਹ ਇਸ ਮਾਮਲੇ ਵਿੱਚ ਹਾਲ ਦੀ ਘੜੀ ਕੋਈ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਜਾਂਚ ਟੀਮ ਨਿਰਪੱਖ ਤਰੀਕੇ ਨਾਲ ਪੂਰੇ ਕੇਸ ਦੀ ਜਾਂਚ ਕਰ ਰਹੀ ਹੈ ਅਤੇ ਸਮਾਂ ਆਏ ਤੋਂ ਬਾਕੀ ਤੱਥਾਂ ਦਾ ਖੁਲਾਸਾ ਕੀਤਾ ਜਾਵੇਗਾ। ਜਾਂਚ ਟੀਮ ਨੇ ਫਰੀਦਕੋਟ ਦੀ ਮਸ਼ਹੂਰ ਪੰਕਜ ਮੋਟਰਜ਼ ਕੰਪਨੀ ਦੇ ਕੁਝ ਅਧਿਕਾਰੀਆਂ ਦੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ। ਪੰਕਜ ਮੋਟਰਜ਼ ਅੱਜ ਕੱਲ੍ਹ ਬੰਦ ਹੋ ਚੁੱਕੀ ਹੈ ਅਤੇ ਇਸ ਦੇ ਮਾਲਕ ਦੇ ਐਸ ਪੀ ਬਿਕਰਮ ਸਿੰਘ ਨਾਲ ਕਾਫੀ ਕਰੀਬੀ ਸਬੰਧ ਸਨ। ਜਾਂਚ ਟੀਮ ਦੀ ਇਸ ਸਖਤੀ ਪਿੱਛੋਂ ਫਰੀਦਕੋਟ ਜ਼ਿਲੇ ਦਾ ਇਕ ਸਾਬਕਾ ਅਕਾਲੀ ਵਿਧਾਇਕ ਰੂਪੋਸ਼ ਹੋ ਗਿਆ ਹੈ। ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਪਿੱਛੋਂ ਸਮੁੱਚੀ ਕਾਰਵਾਈ ਨੂੰ ਅਕਾਲੀ ਦਲ ਬਰੀਕੀ ਨਾਲ ਵਾਚ ਰਿਹਾ ਹੈ ਅਤੇ ਜਾਂਚ ਟੀਮ ਦੀ ਹਰ ਸਰਗਰਮੀ ਨੂੰ ਦੇਖਿਆ ਜਾ ਰਿਹਾ ਹੈ। ਉਮਰਾਨੰਗਲ ਦੀ ਅਦਾਲਤ ਵਿੱਚ ਪੇਸ਼ੀ ਦੇ ਵਕਤ ਸੁਖਬੀਰ ਸਿੰਘ ਬਾਦਲ ਦੇ ਖਾਸ ਦੂਤ ਅਦਾਲਤ ਦੇ ਬਾਹਰ ਹਾਜ਼ਰ ਸਨ ਅਤੇ ਕਾਰਵਾਈ ਸਮਾਪਤ ਹੋਣ ਤੱਕ ਆਮ ਲੋਕਾਂ ਵਿੱਚ ਖੜੋ ਕੇ ਅਦਾਲਤੀ ਕਾਰਵਾਈ ਦੇਖਦੇ ਰਹੇ ਸਨ।

# ਹਾਈ ਕੋਰਟ ਨੇ ਆਵਾਜ਼ ਪ੍ਰਦੂਸ਼ਣ 'ਤੇ ਰਿਪੋਰਟ ਤਲਬ ਕਰ ਲਈ

ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਹਰਿਆਣਾ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ ਨੂੰ ਧਿਰ ਬਣਾ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਤਿੰਨਾਂ ਕੋਲੋਂ ਚੰਡੀਗੜ੍ਹ ਤੇ ਦੋਵੇਂ ਰਾਜਾਂ ਵਿੱਚ ਆਵਾਜ਼ ਪ੍ਰਦੂਸ਼ਣ ਦੀ ਸਥਿਤੀ ਦੀ ਰਿਪੋਰਟ ਤਲਬ ਕਰ ਲਈ ਹੈ ਤੇ ਨਾਲ ਪੁੱਛਿਆ ਹੈ ਕਿ ਆਵਾਜ਼ 'ਤੇ ਕੰਟਰੋਲ ਕਰਨ ਲਈ ਕੀ ਪੈਮਾਨੇ ਅਪਣਾਏ ਜਾ ਰਹੇ ਹਨ। ਇਹ ਹਦਾਇਤ ਮੈਰਿਜ ਪੈਲਸਾਂ ਵਿੱਚ ਰਾਤ ਵੇਲੇ ਉਚੀ ਆਵਾਜ਼ ਵਿੱਚ ਵਜਦੇ ਸੰਗੀਤ ਕਾਰਨ ਦਿੱਤੀ ਗਈ ਹੈ। ਅਸਲ ਵਿੱਚ ਚੰਡੀਗੜ੍ਹ ਵਿੱਚ ਦੇਰ ਰਾਤ ਤੱਕ ਇਕ ਪ੍ਰੋਗਰਾਮ ਵਿੱਚੋਂ ਸੰਗੀਤ ਦੀ ਆਵਾਜ਼ ਆਉਣ ਕਾਰਨ ਹਾਈ ਕੋਰਟ ਦੇ ਹੀ ਇਕ ਮੌਜੂਦਾ ਜੱਜ ਨੇ ਪੱਤਰ ਭੇਜਿਆ ਸੀ ਤੇ ਚੀਫ ਜਸਟਿਸ ਦੀ ਡਬਲ ਬੈਂਚ ਨੇ ਇਸ ਪੱਤਰ ਉੱਤੇ ਆਪੇ ਨੋਟਿਸ ਲੈਂਦਿਆਂ ਚੰਡੀਗੜ੍ਹ ਪ੍ਰਸ਼ਾਸਨ ਕੋਲੋਂ ਜਵਾਬ ਮੰਗਿਆ ਸੀ। ਪ੍ਰਸ਼ਾਸਨ ਨੇ ਕਿਹਾ ਸੀ ਕਿ ਆਵਾਜ਼ ਚੰਡੀਗੜ੍ਹ 'ਚੋਂ ਨਹੀਂ ਆਈ, ਨਯਾ ਗਾਂਓ ਵੱਲੋਂ ਆਵਾਜ਼ ਆਈ ਹੋ ਸਕਦੀ ਹੈ। ਪ੍ਰਸ਼ਾਸਨ ਨੇ ਚੰਡੀਗੜ੍ਹ ਵਿੱਚ ਆਵਾਜ਼ ਕੰਟਰੋਲ ਲਈ ਵਰਤੇ ਜਾਂਦੇ ਪ੍ਰਬੰਧਾਂ ਬਾਰੇ ਜਾਣਕਾਰੀ ਵੀ ਦਿੱਤੀ ਸੀ, ਪਰ ਕੱਲ੍ਹ ਉਪਰੋਕਤ ਤਿੰਨਾਂ ਤੋਂ ਜਵਾਬ ਤਲਬ ਕਰ ਲਿਆ ਗਿਆ ਹੈ। ਇਸੇ ਕੇਸ ਦੀ ਸੁਣਵਾਈ ਦੇ ਨਾਲ ਹੀ ਵਿਆਹ ਸ਼ਾਦੀਆਂ ਉੱਤੇ ਮੈਰਿਜ ਪੈਲਸਾਂ ਵਿੱਚ ਹਥਿਆਰਾਂ ਦੀ ਵਰਤੋਂ ਕੀਤੇ ਜਾਣ ਅਤੇ ਮੰਦੀ ਸ਼ਬਦਾਵਲੀ ਵਾਲੇ ਗੀਤਾਂ ਦੀ ਰੋਕਥਾਮ ਲਈ ਮੰਗ ਕਰਦੀ ਪਟੀਸ਼ਨ ਅਤੇ ਕੁਝ ਮਿਲਦੇ ਜੁਲਦੇ ਮਾਮਲੇ ਵੀ ਜੋੜ ਲਏ ਗਏ ਹਨ। ਇਨ੍ਹਾਂ ਸਾਰਿਆਂ ਦੀ ਸੁਣਵਾਈ ਅਗਲੀ 14 ਮਾਰਚ ਨੂੰ ਹੋਵੇਗੀ।












# ਹੱਟ-ਪਿੱਛੇ ਮਿੱਤਰਾਂ ਦੀ ਮੁੱਛ ਦਾ ਸਵਾਲ ਹੈ

## ਜ਼ੈਲਦਾਰ ਨੇ 'ਦਾੜੀ ਤੇ ਮੁੱਛਾਂ' ਦੇ ਮੁਕਾਬਲੇ ਵਿਚ 'ਬੈਸਟ ਮੁੱਛਾਂ' ਤੇ 'ਬੈਸਟ ਸਾਂਭ-ਸੰਭਾਲ' ਦਾ ਮੁਕਾਬਲਾ ਜਿੱਤਿਆ



ਔਕਲੈਂਡ 21 ਫਰਵਰੀ (ਹਰਜਿੰਦਰ ਸਿੰਘ ਬਸਿਆਲਾ)-ਹੌਂਸਲੇ ਬੁਲੰਦ ਹੋਣ ਤਾਂ ਪੰਜਾਬੀ ਅਖਾੜਿਆਂ ਦਾ ਉਤਰ ਜਿੱਤ ਦੇ ਨਾਲ ਦਿੰਦੇ ਹਨ ਅਤੇ ਸਵਾਲ ਮੁੱਛ ਦਾ ਰੱਖਦੇ ਹਨ। ਇਸ ਮੁੱਛ ਦੀ ਪੁੱਛ-ਗਿੱਛ ਜਿਨ੍ਹਾਂ ਨੇ ਰੱਖਣੀ ਹੁੰਦੀ ਹੈ ਉਹ ਇਸਦੀ ਸਾਂਭ-ਸੰਭਾਲ ਵੀ ਦਿਲ ਲਗਾ ਕੇ ਕਰਦੇ ਹਨ। ਇਸੇ ਦੀ ਹੀ ਜਾਂਚ-ਪੜ੍ਹਤਾਲ ਕਰਨ ਦੇ ਇਰਾਦੇ ਨਾਲ 'ਨਿਊਜ਼ੀਲੈਂਡ ਬੀਅਰਡ ਐਂਡ ਮਸਟੈਸ਼ ਕੰਪੀਟੀਨਸ਼' ਇਸ ਵਾਰ ਛੇਵੇਂ ਸਾਲ ਵਿਚ ਦਾਖਲ ਹੋ ਗਿਆ। ਇਸ ਵਾਰ ਇਹ ਮੁਕਾਬਲਾ ਪੰਜਾਬੀ ਭਾਈਚਾਰੇ ਲਈ ਕੁਝ ਖਾਸ ਰਿਹਾ ਕਿਉਂਕਿ ਪਟਿਆਲਾ ਸ਼ਹਿਰ ਦੇ 27 ਸਾਲਾ ਪੰਜਾਬੀ ਨੌਜਵਾਨ ਬੀਰਇੰਦਰ ਸਿੰਘ ਜ਼ੈਲਦਾਰ (ਇੰਦਰ ਜ਼ੈਲਦਾਰ) ਪੁੱਤਰ ਸ. ਜਰਨੈਲ ਸਿੰਘ ਜ਼ੈਲਦਾਰ ਨੇ ਗਾਇਕ ਹਰਦੀਪ ਗਿੱਲ ਦੇ ਗੀਤ ਕਿ 'ਸ਼ਹਿਰ ਪਟਿਆਲੇ ਦੇ ਮੁੰਡੇ ਮੁੱਛ ਫੁੱਟ ਗਭਰੂ ਨੇ ਸੋਹਣੇ' ਨੂੰ ਦੂਹਰਾ ਦਿੱਤਾ। ਇਸ ਨੌਜਵਾਨ ਬੀਤੇ ਦਿਨੀਂ 'ਦਾੜੀ ਅਤੇ ਮੁੱਛਾਂ' ਦੇ ਹੋਏ ਮੁਕਾਬਲੇ ਦੇ ਵਿਚ 'ਬੈਸਟ ਮੁੱਛਾਂ' ਦਾ ਅਤੇ 'ਬੈਸ'ਟ ਰੱਖ-ਰਖਾਵ' ਐਵਾਰਡ ਆਪਣੇ ਨਾਂਅ ਕਰਕੇ ਗਲ ਦੇ ਵਿਚ ਦੋ ਤਮਗੇ ਪਵਾਏ ਅਤੇ ਜੇਤੂ ਟ੍ਰਾਫੀ ਦੇ ਨਾਲ ਵਕਾਰੀ ਕੰਪਨੀ ਦੇ ਉਤਪਾਦ ਪ੍ਰਾਪਤ ਕੀਤੇ। ਇਹ ਨੌਜਵਾਨ ਪਿਛਲੇ ਕੁਝ ਸਮੇਂ ਤੋਂ ਅਜਿਹਾ ਕਰਨ ਦੀ ਤਮੰਨਾ ਪੂਰੀ ਕਰਨ ਦੀ ਕੋਸ਼ਿਸ਼ ਵਿਚ ਸੀ ਕਿ ਪੰਜਾਬੀ ਨੌਜਵਾਨਾਂ ਨੂੰ ਨਸ਼ਿਆਂ ਛੱਡਣ ਅਤੇ ਦਾੜੀ ਮੁੱਛ ਰੱਖਣ ਦੇ ਸੰਦੇਸ਼ ਨਾਲ ਕਿਸੀ ਤਰ੍ਹਾਂ ਆਪਣਾ ਯੋਗਦਾਨ ਪਾ ਸਕੇ। ਪਿਛਲੇ ਸਾਲ ਵੀ ਇਸ ਨੌਜਵਾਨ ਨੇ ਅਜਿਹੇ ਹੀ ਇਕ ਮੁਕਾਬਲੇ ਵਿਚ ਹਿੱਸਾ ਲਿਆ ਸੀ ਅਤੇ ਟਾਪ-3 ਵਿਚ ਆ ਗਿਆ ਸੀ। ਇਸਨੇ ਕਈ ਲੋਕਾਂ ਦੀਆਂ ਟਿੱਚਰਾਂ ਨੂੰ ਟਿੱਚ ਜਾਣਦਿਆਂ ਆਪਣਾ ਸ਼ੌਕ ਜਾਰੀ ਰੱਖਿਆ ਅਤੇ ਜੱਜਾਂ ਦੇ ਸਾਹਮਣੇ ਤਿੰਨ ਰਾਊਂਡ ਦੇ ਵਿਚ ਹੋਏ ਮੁਕਾਬਲੇ ਵਿਚ ਐਨੇ ਨੂੰ ਨੰਬਰ ਹਾਸਿਲ ਕਰ ਲਏ ਕਿ ਲਗਪਗ 30 ਪ੍ਰਤੀਯੋਗੀਆਂ ਦੇ ਵਿਚੋਂ ਪਹਿਲਾ ਸਥਾਨ ਹਾਸਿਲ ਕਰ ਲਿਆ। ਇਸ ਨੌਜਵਾਨ ਦਾ ਸੁਪਨਾ ਹੈ ਕਿ ਇਕ ਦਿਨ ਉਹ ਪੰਜਾਬ ਦੇ ਵਿਚ ਵੀ ਅਜਿਹੇ ਮੁਕਾ-ਬਲੇ ਵੇਖਣ ਦਾ ਇਛੁੱਕ ਹੈ ਅਤੇ ਇਸ ਸਬੰਧੀ ਉਸਦੇ ਦਿਲ ਵਿਚ ਬਹੁਤ ਕੁਝ ਹੈ। ਨਿਊਜ਼ੀਲੈਂਡ ਵਸਦੇ ਭਾਰਤੀ ਖਾਸ ਕਰ ਪੰਜਾਬੀ ਭਾਈਚਾਰੇ ਵੱਲੋਂ ਬੀਰਇੰਦਰ ਸਿੰਘ ਜ਼ੈਲਦਾਰ ਨੂੰ ਬਹੁਤ ਬਹੁਤ ਵਧਾਈ।!

# ਸਰਾਭਾ ਆਸ਼ਰਮ ਦੇ ਸੇਵਾਦਾਰ ਡਾ. ਮਾਂਗਟ ਸਮਾਜ ਸੇਵਾ ਅਵਾਰਡ ਨਾਲ ਸਨਮਾਨਤ




13 ਫਰਵਰੀ 2019 ਨੂੰ ਰੋਟਰੀ ਕਲੱਬ ਲੁਧਿਆਣਾ ਵੱਲੋਂ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ "ਐਵਾਰਡ ਆਫ਼ ਐਕਸੀਲੈਂਸ ਫ਼ਾਰ ਹਿਊਮੈਨਟੀ ਸਰਵਿਸਜ਼" ਨਾਲ ਸਨਮਾਨਤ ਕੀਤਾ ਗਿਆ। ਡਾ. ਮਾਂਗਟ ਨੂੰ ਇਹ ਸਨਮਾਨ ਰੋਟਰੀ ਭਵਨ ਵਿਖੇ ਹੋਏ ਸਾਲਾਨਾ ਸਮਾਗਮ ਵਿੱਚ ਉਹਨਾਂ ਵੱਲੋਂ ਪਿਛਲੇ 14 ਸਾਲਾਂ ਤੋਂ ਲਾਵਾਰਸਾਂ-ਅਪਾਹਜਾਂ ਦੀ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ। ਇਸ ਮੌਕੇ ਰੋਟਰੀ ਕਲੱਬ ਦੇ ਡਿਸਟਿਰਿਕਟ ਗਵਰਨਰ ਬਰਜੇਸ਼ ਸਿੰਘਲ, ਪ੍ਰਧਾਨ ਮਹਿੰਦਰ ਸਿੰਘ ਧਾਲੀਵਾਲ, ਸੈਕਟਰੀ ਡਾ. ਆਰ. ਐਲ. ਨਾਰੰਗ, ਸਾਬਕਾ ਪ੍ਰਧਾਨ ਬਲਬੀਰ ਸਿੰਘ, ਡਾ. ਜਤਿੰਦਰ ਕੌਰ ਗਭੀਰ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ।

ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਅਜਿਹੇ ਬੇਘਰ, ਲਾਵਾਰਸਾਂ, ਅਪਾਹਜਾਂ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ ਜਿਹਨਾਂ ਦੀ ਹਾਲਤ ਹੇਠ ਲਿਖੀਆਂ ਕਾਵਿ ਸਤਰਾਂ ਜਿਹੀ ਹੁੰਦੀ ਹੈ।

ਨਾ ਘਰ-ਬਾਰ, ਨਾ ਪੱਲੇ ਦਮੜਾ, ਨਾ ਕੋਈ ਲੈਂਦਾ ਸਾਰ। ਗਰਮੀ ਸਰਦੀ ਮੀਂਹ ਹਨੇਰੀ, ਲਈ ਸੜਕਾਂ ਤੇ ਗੁਜ਼ਾਰ।

ਮੌਤ ਵੇਲੇ ਵੀ ਕੱਲਮ-ਕੱਲਾ, ਨਸੀਬ ਨਾ ਕੱਫ਼ਣ ਹੋਇਆ। ਲਾਸ਼ ਮੇਰੀ ਸੜਕਾਂ ਤੇ ਰੁਲ਼ ਗਈ, ਕੋਈ ਨਾ ਮੈਨੂੰ ਰੋਇਆ।

ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਤਿੰਨ ਮੰਜ਼ਲਾ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵ-ਾਇਆ। ਆਪ ਨੇ ਚੈਰੀਟੇਬਲ (ਰਜਿ.) ਟਰਸਟ ਬਣਾ ਕੇ ਆਸ਼ਰਮ ਲਈ ਖ਼ਰੀਦੀ ਸਾਰੀ ਜਮੀਨ-ਜਾਇਦਾਦ ਆਸ਼ਰਮ ਦੇ ਨਾਉਂ ਲਗਵਾਈ ਅਤੇ ਆਪ ਇੱਕ ਨਿਸ਼ਕਾਮ ਸੇਵਾਦਾਰ ਵਜੋਂ ਆਸ਼ਰਮ ਵਿੱਚ ਰਹਿ ਰਹੇ ਲੋੜਵੰਦਾਂ ਦੀ ਸੇਵਾ ਕਰ ਰਹੇ ਹਨ।

ਇਸ ਆਸ਼ਰਮ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਤਕਰੀਬਨ 115 ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਅਧਰੰਗ ਦੀ ਬਿਮਾਰੀ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਲੋੜਵੰਦ ਰਹਿੰਦੇ ਹਨ। ਇਹਨਾਂ ਵਿੱਚੋਂ 30-32 ਅਜਿਹੇ ਹਨ ਜਿਹੜੇ ਪੂਰੀ ਹੋਸ਼-ਹਵਾਸ਼ ਨਾ ਹੋਣ ਕਾਰਨ ਆਪਣੇ ਵਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਇਹ ਲੋੜਵੰਦ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਆਦਿ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮਿਲਦੀ ਹੈ। ਕਿਸੇ ਵੀ ਲੋੜਵੰਦ ਕੋਲੋਂ ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਇੱਥੋਂ ਦਾ ਸਾਰਾ ਪ੍ਰਬੰਧ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚਲਦਾ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਡਾ. ਮਾਂਗਟ ਨਾਲ ਮੋਬਾਇਲ 95018-42505 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਜਟ ਵਿੱਚ ਰਾਖਵੇਂ ਰੁਪਏ ਨੂੰ ਅਨੁਸੂਚਿਤ ਜਾਤੀਆਂ ਦੇ ਹਿੱਤ ਵਿੱਚ ਵਰਤਣ ਵਿੱਚ ਕੈਪਟਨ ਸਰਕਾਰ ਫੇਲ : ਕੈਂਥ



ਚੰਡੀਗੜ੍ਹ, 21 ਫਰਵਰੀ (ਗਿਆਨ ਸਿੰਘ) ਪੰਜਾਬ ਦੇ ਬਜਟ ਪੇਸ਼ ਕਰਨ ਸਮੇਂ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਸ਼ਜਿਸ ਦੇ ਤਹਿਤ ਕੈਪਟਨ ਸਰਕਾਰ ਨੇ ਜਾਣਬੁਝ ਕੇ ਨਜਰ ਅੰਦਾਜ਼ ਕੀਤਾ ਗਿਆ। ਇਹ ਦੋਸ਼ ਲਗਾਉਦਿਆਂ ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਸਾਲ 2018-19 ਵਿੱਚ ਅਨੁਸੂਚਿਤ ਜਾਤੀ ਸਬ ਪਲਾਨ ਤਹਿਤ ਕੁਲ ਬਜਟ ਵਿਚੋਂ 5524.10 ਰੁਪਿਆ ਰੱਖਿਆ ਗਿਆ ਪਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ 3832 ਰੁਪਏ ਹੀ ਖਰਚਿਆਂ ਗਿਆ ਜਦੋਂਕਿ ਇਸ ਪਲਾਨ ਤਹਿਤ ਰੱਖਿਆ ਜਾਂਦਾ ਰੁਪਿਆ ਨਾ ਖਤਮ ਹੋ ਸਕਦਾ ਅਤੇ ਨਾ ਹੀ ਬਦਲਿਆ ਜਾ ਸਕਦਾ ਹੈ। ਅਨੁਸੂਚਿਤ ਜਾਤੀ ਸਬ ਪਲਾਨ ਦਾ ਰੁਪਿਆ ਖੁਰਦ ਬੁਰਦ ਹੋਇਆ ਹੈ।

ਉਹਨਾਂ ਕਿਹਾ ਕਿ "ਅਨੁਸੂਚਿਤ ਜਾਤੀਆਂ ਸਬ-ਪਲਾਨ ਦਾ ਆਕਾਰ ਰਾਜ ਦੀ ਕੁੱਲ ਸਾਲਾਨਾ ਯੋਜਨਾ ਵਿੱਚੋਂ ਰਾਜ ਦੀ ਅਨੁਸੂਚਿਤ ਜਾਤੀਆਂ ਦੀ ਵਸੋਂ ਦੀ ਪ੍ਰਤੀਸ਼ਤਤਾ ਦੇ ਅਨੁਪਾਤ ਵਿੱਚ ਬਣਾਇਆ ਜਾਵੇਗਾ, ਜਿਸ ਵਿੱਚ ਰਾਜ ਦੀ ਸਾਲਾਨਾ ਯੋਜਨਾ ਦੀ ਤਰਜ਼ ਤੇ ਨਾਨ-ਬਜਟਿਡ ਉਪਬੰਧ ਵੀ ਸ਼ਾਮਲ ਹੋਣਗੇ"।ਇਸ ਦੀ ਅਧਿਸੂਚਨਾ ਮਿਤੀ 10 ਫਰਵਰੀ 2014 ਵਿੱਚ ਨੰ: ਖੋ . ਅ . (ਐਸ .ਸੀ.ਐਸ. ਪੀ.) 76/2014/712 ਮਾਨਯੋਗ ਰਾਜਪਾਲ ਪੰਜਾਬ ਵੱਲੋਂ ਜਾਰੀ ਕੀਤੀ ਹੋਈ ਹੈ।

ਸ੍ਰ ਕੈਂਥ ਨੇ ਕਿ ਕਿਹਾ ਕਿ ਸਾਲਾਨਾ ਬਜਟ 2019-20 ਵਿੱਚ ਸਬ ਪਲਾਨ ਤਹਿਤ 5998.79 ਰੁਪਿਆ ਰੱਖਿਆ ਗਿਆ ਹੈ ਪਰ ਪਿਛਲੇ ਸਾਲ ਦੇ ਹਜਾਰਾਂ ਕਰੋੜ ਰੁਪਏ ਦਾ ਬਜਟ ਪੇਸ਼ ਕਰਨ ਸਮੇਂ ਕੋਈ ਜਿਕਰ ਨਹੀਂ ਕੀਤਾ ਜੋ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਉਹਨਾਂ ਨੂੰ ਪੂਰਾ ਕਰਨ ਵਿੱਚ ਰੁਕਾਵਟਾਂ ਹੀ ਖੜ੍ਹੀਆਂ ਹੁੰਦੀਆਂ ਹਨ।

ਉਹਨਾਂ ਅੱਗੇ ਦੱਸਿਆ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੀ ਯਾਦ ਵਿੱਚ ਵੱਖੋ ਵੱਖਰੇ ਜਿਲ੍ਹਿਆਂ ਵਿੱਚ ਭਵਨ ਦੀ ਉਸਾਰੀ ਕਰਨ ਪ੍ਰੀਕਿਆਂ ਕਈ ਸਾਲਾਂ ਤੋਂ ਚਲ ਰਹੀ ਹੈ ,ਅਕਾਲੀ ਭਾਜਪਾ ਸਰਕਾਰ ਦੇ 10 ਸਾਲ ਅਤੇ ਕਾਂਗਰਸ ਸਰਕਾਰ ਦੇ ਦੋ ਸਾਲਾਂ ਵਿੱਚ ਵੀ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਹੁਸ਼ਿਆਰਪੁਰ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਅਧੂਰੇ ਪਏ ਹਨ ਅਤੇ 5ਜਿਲ੍ਹੇ ਐਸ ਏ ਐਸ ਨਗਰ, ਤਰਨ-ਤਾਰਨ, ਬਰਨਾਲਾ, ਫਾਜ਼ਿਲਕਾ ਅਤੇ ਪਠਾਨਕੋਟ ਜਿਲ੍ਹਿਆਂ ਵਿੱਚ ਕੋਈ ਕਾਰਵਾਈ ਨਹੀਂ ਹੋ ਸਕੀ। ਅਨੁਸੂਚਿਤ ਜਾਤੀਆਂ ਲਈ ਬਣਾਇਆ ਗਿਆ ਸਕੀਮਾਂ ਲਈ ਅਬਾਦੀ ਦੇ ਅਨੁਪਾਤ ਨਾਲ ਰੁਪਿਆ ਰੱਖਣ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋ ਰਹੇ ਹਨ

ਸ੍ਰ ਕੈਂਥ ਨੇ ਦੱਸਿਆ ਕਿ ਅਜਿਹੇ ਗੰਭੀਰ ਮੁੱਦਿਆਂ ਨੂੰ ਜੋ ਅਨੁਸੂਚਿਤ ਜਾਤਾਂ ਲਈ ਬੜੇ ਅਹਿਮ ਹਨ ਉਨ੍ਹਾਂ ਬਾਰੇ ਕਾਂਗਰਸ ਪਾਰਟੀ ਦੇ ਮੌਜੂਦ ਵਿਧਾਇਕਾਂ ਵੱਲੋਂ ਚਰਚਾ ਨਾ ਕਰਨਾ ਮੰਦਭਾਗਾ ਅਤੇ ਨਿੰਦਣਯੋਗ ਹੈ। ਜਨਗਣਨਾ-2011ਅਨੁਸਾਰ ਪੰਜਾਬ ਰਾਜ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੀ ਪ੍ਰਤੀਸ਼ਤਤਾ ਦੇਸ਼ ਦੇ ਸਾਰੇ ਰਾਜਾਂ ਨਾਲੋਂ ਵੱਧ ਹੈ। ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ 88.60 ਲੱਖ ਹੈ,ਜੋ ਕਿ ਦੇਸ਼ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ 16.60 ਪ੍ਰਤੀਸ਼ਤ ਦੇ ਮੁਕਾਬਲੇ, ਰਾਜ ਦੀ ਕੁਲ ਆਬਾਦੀ (277.43) ਦਾ 31.94 ਪ੍ਰਤੀਸ਼ਤ ਹੈ। ਅਨੁਸੂਚਿਤ ਜਾਤੀਆਂ ਦੀ ਆਬਾਦੀ ਮੁੱਖ ਤੌਰ ਤੇ ਦਿਹਾਤੀ ਖੇਤਰਾਂ ਵਿੱਚ ਹੈ।

ਉਹਨਾਂ ਅੱਗੇ ਕਿਹਾ ਕਿ ਜਨਗਣਨਾ-2011 ਅਨੁਸਾਰ, ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਬੁਹਗਿਣਤੀ ਲੋਕ (73.33) ਪਿੰਡਾਂ ਵਿਚ ਜਦੋਂ ਕਿ 26.67 ਪ੍ਰਤੀਸ਼ਤ ਲੋਕ ਸ਼ਹਿਰੀ ਖੇਤਰਾਂ ਵਿੱਚ ਵਸਦੇ ਹਨ। ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ ਵਸੋਂ ਦੀ ਵਧੇਰੇ ਪ੍ਰਤੀਸ਼ਤਤਾ ਵਾਲੇ ਸ਼ਹੀਦ ਭਗਤ ਸਿੰਘ ਨਗਰ (42.51),ਸ੍ਰੀ ਮੁਕਤਸਰ ਸਾਹਿਬ (42.31), ਫਿਰੋਜ਼ਪੁਰ (42.17),ਜਲੰਧਰ (38.95), ਫਰੀਦਕੋਟ (38.92), ਮੋਗਾ (36.59), ਹੁਸ਼ਿਆਰਪੁਰ (35.14),ਕਪੂਰਥਲਾ(33.94),ਤਰਨ ਤਾਰਨ(33.17) , ਮਾਨਸਾ(33.63), ਬਠਿੰਡਾ (32.44), ਬਰਨਾਲਾ (32.24), ਅਤੇ ਫਤਿਹਗੜ੍ਹ ਸਾਹਿਬ (32.07) ਵਾਲੇ ਜਿਲ੍ਹੇ ਹਨ।

ਸ੍ਰ ਕੈਂਥ ਨੇ ਕਿਹਾ ਕਿ ਪੰਜਾਬ ਵਿੱਚ 117 ਦੇ ਮੌਜੂਦ ਵਿਧਾਇਕਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ 22 ਵਿਧਾਇਕ ਕਾਂਗਰਸ ਪਾਰਟੀ ਨਾਲ ਸਬੰਧਤ ਹਨ ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਵਿਧਾਇਕ ਨੇ ਅਨੁਸੂਚਿਤ ਜਾਤੀਆਂ ਸਬ -ਪਲਾਨ ਬਾਰੇ ਕੋਈ ਵੀ ਮੁੱਦਾ ਜਾਂ ਸੁਝਾਅ ਧਿਆਨ ਵਿੱਚ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦੇ ਨਹੀਂ ਲਿਆਂਦਾ ਗਿਆ।

# ਸੁੱਚਾ ਸਿੰਘ ਲੰਗਾਹ ਨੇ ਭੁੱਲ ਬਖਸ਼ੀ ਲਈ ਅਕਾਲ ਤਖਤ ਨੂੰ ਪੱਤਰ ਭੇਜਿਆ

ਅੰਮ੍ਰਿਤਸਰ, 21 ਫਰਵਰੀ (ਪੋਸਟ ਬਿਊਰੋ)- ਅਸ਼ਲੀਲ ਸੀ ਡੀ ਕੇਸ ਵਿੱਚ ਫਸ ਕੇ ਜੇਲ੍ਹ ਰਹਿ ਚੁੱਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਅਕਾਲੀ ਦਲ ਬਾਦਲ ਦੇ ਆਗੂ ਸੁੱਚਾ ਸਿੰਘ ਲੰਗਾਹ ਨੇ ਵੀ ਸ੍ਰੀ ਅਕਾਲ ਤਖਤ 'ਤੇ ਪੱਤਰ ਭੇਜ ਕੇ ਆਪਣੀ ਭੁੱਲ ਬਖਸ਼ਣ ਦੀ ਗੁਹਾਰ ਲਾਈ ਹੈ।

ਭਰੋਸੇ ਯੋਗ ਸੂਤਰਾਂ ਮੁਤਾਬਕ ਸੁੱਚਾ ਸਿੰਘ ਲੰਗਾਹ ਨੇ ਅਕਾਲ ਤਖਤ ਸਾਹਿਬ ਨੂੰ ਪੱਤਰ ਭੇਜ ਕੇ ਮੰਨਿਆ ਕਿ ਉਸ ਕੋਲੋ ਬੱਜਰ ਭੁੱਲ ਹੋਈ ਹੈ। ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਇਹ ਵੀ ਮੰਨ ਲਿਆ ਹੈ ਕਿ ਭੁੱਲ ਦੀ ਮੁਆਫੀ ਲਈ ਉਹ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਾਜ਼ਰ ਹੋ ਕੇ ਸਜ਼ਾ ਲਗਵਾਉਣ ਲਈ ਤਿਆਰ ਹਨ। ਉਨ੍ਹਾਂ ਨੇ ਜਥੇਦਾਰ ਨੂੰ ਭੇਜੇ ਗਏ ਪੱਤਰ ਵਿੱਚ ਦੱਸਿਆ ਕਿ ਅਦਾਲਤ ਨੇ ਉਨ੍ਹਾਂ ਨੂੰ ਇਸ ਕੇਸ ਤੋਂ ਬਰੀ ਕਰ ਦਿੱਤਾ ਹੈ ਅਤੇ ਜਿਸ ਔਰਤ ਦਾ ਨਾਮ ਉਨ੍ਹਾਂ ਦੇ ਨਾਮ ਨਾਲ ਜੋੜਿਆ ਜਾ ਰਿਹਾ ਹੈ, ਉਸ ਨੇ ਵੀ ਮੰਨਿਆ ਹੈ ਕਿ ਉਹ ਇਸ ਅਸ਼ਲੀਲ ਸੀ ਡੀ ਵਿੱਚ ਨਹੀਂ ਹੈ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 6 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

# ਅਨੁਸੂਚਿਤ ਜਾਤੀ ਕਮਿਸ਼ਨ ਤੱਕ ਕੋਈ ਵੀ ਵਿਅਕਤੀ ਪਹੁੰਚ ਕਰ ਸਕਦਾ ਹੈ : ਇੰਦੌਰਾ



ਫਰੀਦਕੋਟ, 21 ਫਰਵਰੀ (ਗਿਆਨ ਸਿੰਘ ) ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਫਰੀਦਕੋਟ ਵੱਲੋਂ ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ 1955 ਤਹਿਤ ਫਰੀਦਕੋਟ ਬਲਾਕ ਦਾ ਸੈਮੀਨਾਰ ਪਿੰਡ ਗੋਲੇਵਾਲਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕਰਨਵੀਰ ਇੰਦੌਰਾ ਨੇ ਸ਼ਿਰਕਤ ਕੀਤੀ।

ਇਸ ਮੌਕੇ ਕਰਨਵੀਰ ਇੰਦੌਰਾ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਐਸ.ਸੀ ਕਮਿਸ਼ਨ ਤੱਕ ਕੋਈ ਵੀ ਵਿਆਕਤੀ ਪਹੁੰਚ ਕਰ ਸਕਦਾ ਹੈ ਅਤੇ ਆਪਣੇ ਨਾਲ ਹੋਈ ਕਿਸੇ ਵੀ ਜਿਆਦਤੀ ਦੀ ਲਿਖਤੀ ਸ਼ਿਕਾਇਤ ਭੇਜ ਸਕਦਾ ਹੈ।

ਜਿਲ੍ਹਾ ਸਮਾਜਿਕ ਨਿਆਂ ਅਤੇ ਘੱਟ ਗਿਣਤੀ ਅਫਸਰ ਸ੍ਰੀ ਗੁਰਮੀਤ ਸਿੰਘ ਬਰਾੜ ਅਤੇ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ਼ਿੰਦਰਪਾਲ ਕੌਰ ਨੇ ਸੈਮੀਨਰ ਵਿੱਚ ਲੋਕਾਂ ਨੂੰ ਉਹਨਾਂ ਦੇ ਅਧਿਕਾਰਾਂ ਪ੍ਰਤੀ ਜਾਣਕਾਰੀ ਦਿੱਤੀ ਗਈ ਅਤੇ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਸਮਾਜ ਸੇਵੀ ਜਥੇਬੰਦੀ ਬਾਬਾ ਜੀਵਨ ਸਿੰਘ ਕਲੱਬ ਦੇ ਅਹੁੱਦੇਦਾਰਾਂ ਤੋਂ ਇਲਾਵਾ ਸਮੂਹ ਗ੍ਰਾਮ ਪੰਚਾਇਤ, ਪੰਚਾਇਤ ਸਕੱਤਰ ਨਰੇਗਾ ਨਾਲ ਸਬੰਧਤ ਅਧਿਕਾਰੀ, ਕਰਮਚਾਰੀ ਅਤੇ ਲਖਵੀਰ ਸਿੰਘ ਲੱਖਾ ਕਲੱਬ ਪ੍ਰਧਾਨ, ਨਸੀਬ ਸਿੰਘ ਸਰਪੰਚ ਗੋਲੇਵਾਲਾ, ਗੋਰਾ ਸਿੰਘ, ਤਰਸੇਮ ਸਿੰਘ, ਬੁੱਧ ਸਿੰਘ ਆਦਿ ਵੱਡੀ ਗਿਣਤੀ ਵਿੱਚ ਲੋਕ ਹਾਜਰ ਸਨ।

Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA

info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ: 905.247.0193



148-2960 Drew Road, Mississauga ON L4T 0A5 | Harcharan S. Grover

# ਸੰਪਾਦਕੀ

## ਅਨੋਖੀ ਬਣ ਜਾਂਦੀ ਹੈ ਕਈ ਇੰਮੀਗਰੇਸ਼ਨ ਕਿੱਸਿਆਂ ਦੀ ਕਹਾਣੀ

ਨੈਸ਼ਨਲ ਪੋਸਟ ਵਿੱਚ ਛਪੀ ਇੱਕ ਖ਼ਬਰ ਇਸ਼ਰਾ ਕਰਦੀ ਹੈ ਕਿ ਇੰਮੀਗਰੇਸ਼ਨ ਨਾਲ ਜੁੜੇ ਕਈ ਕਿੱਸੇ ਕਿਵੇਂ ਮੋੜ ਕੱਟਦੇ ਮੁੜ ਸਮੇਂ ਦੀਆਂ ਬਰੂਹਾਂ ਉੱਤੇ ਆਣ ਦਸਤਕ ਦੇ ਦੇਂਦੇ ਹਨ। 1998 ਵਿੱਚ ਭਾਰਤ ਤੋਂ ਆ ਕੇ ਰਿਫਿਊਜੀ ਦਰਜ਼ਾ ਕਲੇਮ ਕਰਨ ਵਾਲੇ ਅਤੇ 2005 ਵਿੱਚ ਕੈਨੇਡਾ ਤੋਂ ਡੀਪੋਰਟ ਹੋਏ ਹਰਜੀਤ ਸਿੰਘ ਦੀ ਕਹਾਣੀ ਇਸ ਗੱਲ ਨੂੰ ਸੱਚ ਕਰਦੀ ਜਾਪਦੀ ਹੈ। ਹਰਜੀਤ ਸਿੰਘ ਦੇ ਸਿਰ ਕਿਸੇ ਹੱਦ ਤੱਕ ਇਹ ਸਿਹਰਾ ਜਾਂਦਾ ਹੈ ਕਿ ਉਹ ਡੀਪੋਰਟ ਹੋਣ ਤੋਂ ਸਾਬਕਾ ਇੰਮੀਗਰੇਸ਼ਨ ਮੰਤਰੀ ਜੁਡੀ ਸਗਰੋ ਦੇ ਕੈਰੀਅਰ ਅਜਿਹੇ ਰਾਹ ਪਾ ਗਿਆ ਕਿ ਉਹ ਮੁੜ ਲੀਹ ਉੱਤੇ ਨਹੀਂ ਆ ਸਕਿਆ। ਨੈਸ਼ਨਲ ਪੋਸਟ ਮੁਤਾਬਕ ਹਰਜੀਤ ਸਿੰਘ 12-13 ਸਾਲ ਦੇ ਅਰਸੇ ਤੋਂ ਬਾਅਦ ਦੁਬਾਰਾ ਕੈਨੇਡਾ ਆ ਗਿਆ ਹੈ ਪਰ ਇਸ ਵਾਰ ਉਸਦੇ ਆਗਮਨ ਦਾ ਕਿੱਸਾ ਲਿਬਰਲ ਐਮ ਪੀ ਰਾਜ ਗਰੇਵਾਲ ਨਾਲ ਜੁੜ ਗਿਆ ਹੈ।

ਹਰਜੀਤ ਸਿੰਘ ਦੀ ਕੈਨੇਡਾ ਵਿੱਚ ਰਿਫਿਊਜੀ ਕਲੇਮੈਂਟ ਵਜੋਂ ਰਿਹਾਇਸ਼ ਕਾਫੀ ਉਤਰਾਵਾਂ ਚੜਾਵਾਂ ਵਾਲੀ ਰਹੀ। ਭਾਰਤ ਤੋਂ ਇੱਕ ਬੱਚੇ ਨੂੰ ਅਗਵਾ ਕਰਨ ਦੇ ਦੋਸ਼ਾਂ ਤੋਂ ਲੈ ਕੇ ਆਪਣੇ ਪੁੱਤਰਾਂ ਨਾਲ ਮਿਲ ਕੇ 1 ਮਿਲੀਅਨ ਡਾਲਰ ਤੱਕ ਦਾ ਕਰੈਡਿਟ ਕਾਰਡ ਫਰਾਡ ਕਰਨ ਦੇ ਦੋਸ਼ ਉੱਤੇ ਲੱਗੇ। ਕਰੈਡਿਟ ਕਾਰਡ ਫਰਾਡ ਲਈ ਉਸਦੇ ਪੁੱਤਰਾਂ ਨੇ ਆਪਣਾ ਦੋਸ਼ ਕਬੂਲ ਵੀ ਕੀਤਾ ਸੀ। ਖੈਰ, ਨੈਸਲਨਲ ਪੋਸਟ ਮੁਤਾਬਕ ਹਰਜੀਤ ਸਿੰਘ ਨੂੰ 2002 ਵਿੱਚ ਕੈਨੇਡਾ ਤੋਂ ਡੀਪੋਰਟ ਕਰਨ ਦੇ ਹੁਕਮ ਹੋਏ ਸਨ ਅਤੇ ਉਸਦੀ ਪਤਨੀ ਦੇ ਬਿਮਾਰ ਹੋਣ ਕਾਰਣ ਡੀਪੋਰਟੇਸ਼ਨ ਲਾਗੂ ਨਾ ਕੀਤੀ ਜਾ ਸਕੀ। ਇਸ ਦਰਮਿਆਨ ਹਰਜੀਤ ਸਿੰਘ ਨੇ 'ਪੀਜ਼ਾ ਮਾਰਕੀਟ'ਨਾਮਕ ਪੀਜ਼ਾ ਸਟੋਰ ਖਰੀਦ ਲਿਆ। ਇਹ ਪੀਜਾ ਸਟੋਰ ਤਤਕਾਲੀ ਲਿਬਰਲ ਇੰਮੀਗਰੇਸ਼ਨ ਮੰਤਰੀ ਜੁਡੀ ਸਗਰੋ ਦੇ ਅਸਤੀਫਾ ਦੇਣ ਦਾ ਕਾਰਣ ਬਣਿਆ। ਹਰਜੀਤ ਸਿੰਘ ਨੇ ਆਪਣੇ ਕੇਸ ਲੜਨ ਵੇਲੇ ਅਦਾਲਤ ਵਿੱਚ ਇਹ ਦੋਸ਼ ਲਾਏ ਸਨ ਕਿ ਜੁਡੀ ਸਗਰੋ ਚੋਣ ਪ੍ਰਚਾਰ ਵਾਸਤੇ ਉਸਦੇ ਸਟੋਰ ਤੋਂ ਮੁਫ਼ਤ ਪੀਜ਼ਾ ਲੈਂਦੀ ਰਹੀ ਹੈ। ਹਰਜੀਤ ਸਿੰਘ ਮੁਤਾਬਕ ਮੰਤਰੀ ਸਗਰੋ ਵੱਲੋਂ ਉਸਨੂੰ ਭਰੋਸਾ ਦਿੱਤਾ ਗਿਆ ਸੀ ਕਿ ਪੀਜੇ ਬਦਲੇ ਉਸਦੇ ਰਿਫਿਊਜੀ ਕਲੇਮ ਨੂੰ ਸਹੀ ਕਰ ਦਿੱਤਾ ਜਾਵੇਗਾ। ਬੇਸ਼ੱਕ ਬਾਅਦ ਵਿੱਚ ਹਰਜੀਤ ਸਿੰਘ ਆਪਣੇ ਦੋਸ਼ਾਂ ਤੋਂ ਅਜਿਹਾ ਮੁੱਕਰਿਆ ਕਿ ਉਸਨੇ ਅਦਾਲਤ ਵਿੱਚ ਇਸ ਬਾਬਤ ਹਲਫੀਆ ਬਿਆਨ ਵੀ ਦਾਖਲ ਨਹੀਂ ਸੀ ਕੀਤਾ। ਪਰ ਇਹਨਾਂ ਦੋਸ਼ਾਂ ਦੀ ਉੱਡੀ ਇਲਜ਼ਾਮਾਂ ਭਰੀ ਧੂੜ ਵਿੱਚ ਜੁਡੀ ਸਗਰੋ ਦਾ ਸਿਆਸੀ ਕੈਰੀਅਰ ਢੰਹਿੰਦੀ ਕਲਾ ਵੱਲ ਰੁੜ ਗਿਆ। ਉਸਨੂੰ ਮੁੜ ਕੇ ਕਿਸੇ ਲਿਬਰਲ ਸਰਕਾਰ ਵਿੱਚ ਮੰਤਰੀ ਬਣਨਾ ਨਸੀਬ ਨਹੀਂ ਹੋਇਆ ਹੈ।

ਫੇਰ 13 ਸਾਲ ਬਾਅਦ ਇਸ ਕਿੱਸੇ ਦੀਆਂ ਤਾਰਾਂ ਦੁਬਾਰਾ ਲਿਬਰਲ ਐਮ ਪੀ ਰਾਜ ਗਰੇਵਾਲ ਦੀ ਉਸ ਚਿੱਠੀ ਨਾਲ ਜੁੜ ਗਈਆਂ ਜੋ ਉਹਨਾਂ ਨੇ ਹਰਜੀਤ ਸਿੰਘ ਦੇ ਵਿਜ਼ਟਰ ਵਜੋਂ ਆਉਣ ਲਈ ਲਿਖ ਕੇ ਦਿੱਤੀ। ਇਸ ਗੱਲ ਨੂੰ ਕਬੂਲਣਾ ਹੋਵੇਗਾ ਕਿ ਰਾਜ ਗਰੇਵਾਲ ਨੇ ਹਰਜੀਤ ਸਿੰਘ ਲਈ ਇੱਕ ਆਮ ਸਿਫਾਰਸ਼ੀ ਪੱਤਰ ਹੀ ਲਿਖਿਆ ਸੀ ਜੋ ਐਥਨਿਕ ਕਮਿਊਨਿਟੀ ਦੇ 'ਐਮ ਪੀ' ਸ਼ੌਕ ਵਿੱਚ ਲਿਖਣ ਲਈ ਮਸ਼ਹੂਰ ਹਨ। ਪਰ ਕਿਉਂਕਿ ਰਾਜ ਗਰੇਵਾਲ ਅਤੇ ਹਰਜੀਤ ਸਿੰਘ ਦੋਵੇਂ ਆਪੋ ਆਪਣੇ ਕਾਰਣਾਂ ਕਰਕੇ ਮੇਨ-ਸਟਰੀਮ ਮੀਡੀਆ ਦੇ ਧਿਆਨ ਦਾ ਕੇਂਦਰ ਬਣਦੇ ਰਹੇ ਹਨ, ਸੋ ਉਹਨਾਂ ਦੀਆਂ ਜੁੜੀਆਂ ਤਾਰਾਂ ਦਾ ਖੁਰਾ ਖੋਜ ਕੱਢ ਲਿਆ ਗਿਆ ਹੈ।

ਇੰਮੀਗਰੇਸ਼ਨ ਐਕਟ ਵਿੱਚ ਸੁਰੱਖਿਆ, ਮਨੁੱਖੀ ਜਾਂ ਅੰਤਰਰਾਸ਼ਟਰੀ ਅਧਿਕਾਰਾਂ ਦੀ ਉਲੰਘਣਾ, ਸੰਗੀਨ ਜੁਰਮ ਅਤੇ ਮੁਜਰਮ ਗ੍ਰੋਹਾਂ ਦੀ ਮੈਂਬਰਸ਼ਿੱਪ ਵਰਗੀਆਂ ਕਈ ਮੱਦਾਂ ਹਨ ਜਿਹਨਾਂ ਦੇ ਅਧੀਨ ਕੈਨੇਡਾ ਦਾਖ਼ਲ ਹੋਣ ਉੱਤੇ ਪਾਬੰਦੀ ਲੱਗਣ ਦੇ ਬਾਵਜੂਦ ਦਾਖ਼ਲਾ ਸੰਭਵ ਹੋ ਸਕਦਾ ਹੈ। ਇਵੇਂ ਹੀ ਕਿਸੇ ਡੀਪੋਰਟ ਹੋਏ ਵਿਅਕਤੀ ਦੇ ਦੁਬਾਰਾ ਦਾਖਲ ਹੋਣ ਦੀਆਂ ਸੰਭਾਵਨਾਵਾਂ ਵੀ 100% ਬੰਦ ਨਹੀਂ ਹੋ ਜਾਂਦੀਆਂ। ਚੇਤੇ ਰਹੇ ਕਿ ਹਰਜੀਤ ਸਿੰਘ ਦੇ ਤਿੰਨ ਬੱਚਿਆਂ ਨੂੰ ਕੈਨੇਡਾ ਵਿੱਚ ਸ਼ਰਣ ਮਿਲੀ ਸੀ ਜਿਹਨਾਂ ਕੋਲ ਮਿਲਣ ਆਉਣ ਦਾ ਉਸ ਕੋਲ ਕਨੂੰਨਨ ਅਧਿਕਾਰ ਹੋ ਸਕਦਾ ਹੈ ਬਸ਼ਰਤੇ ਉਹ ਖੁਦ ਉੱਤੇ ਲੱਗੀਆਂ inadmissibility ਦੀਆਂ ਮੱਦਾਂ ਨੂੰ ਹਟਾ ਕੇ ਕੈਨੇਡਾ ਦਾਖਲ ਹੋਇਆ ਹੋਵੇ।

ਉਪਰੋਕਤ ਕਹਾਣੀ ਨੂੰ ਵੇਖਦੇ ਹੋਏ ਦੋ ਤਿੰਨ ਮੁੱਦੇ ਵਿਚਾਰਨਯੋਗ ਬਣਦੇ ਹਨ। ਪਹਿਲਾ ਕਿ ਕੀ ਇੱਕ ਵਾਰ ਦੋਸ਼ੀ ਕਰਾਰ ਦਿੱਤਾ ਵਿਅਕਤੀ ਸਦਾ ਲਈ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਣਾ ਚਾਹੀਦਾ ਹੈ ਜਿਵੇਂ ਕਿ ਹਰਜੀਤ ਸਿੰਘ ਦੇ ਕੇਸ ਵਿੱਚ ਨੈਸ਼ਨਲ ਪੋਸਟ ਵੱਲੋਂ ਪ੍ਰਭਾਵ ਦਿੱਤਾ ਜਾ ਰਿਹਾ ਹੈ? ਦੂਜਾ, ਕੀ ਇਸ ਮੁੱਦੇ ਦਾ ਰਾਜ ਗਰੇਵਾਲ ਦੇ ਨਾਮ ਨਾਲ ਜੁੜਨਾ ਉਸਦੇ ਸਿਆਸੀ ਕੈਰੀਅਰ ਉੱਤੇ ਪ੍ਰਭਾਵ ਪਾਵੇਗਾ, ਹਾਲਾਂਕਿ ਰਾਜ ਨੇ ਕੋਈ ਅਜਿਹਾ ਅਲੋਕਾਰਾ ਕੰਮ ਨਹੀਂ ਕੀਤਾ ਜੋ ਹੋਰ ਐਮ ਪੀ ਨਾ ਕਰਦੇ ਹੋਣ? ਕੀ ਆ ਰਹੀਆਂ ਚੋਣਾਂ ਵਿੱਚ ਇਹ ਮੁੱਦਾ ਲਿਬਰਲਾਂ ਲਈ ਮੁਸ਼ਕਲ ਖੜੀ ਕਰੇਗਾ ਕਿਉਂਕਿ ਅਜਿਹੇ ਮੌਕਿਆਂ ਉੱਤੇ ਗੱਲ ਸਹੀ ਜਾਂ ਗਲਤ ਹੋਣ ਦੀ ਨਹੀਂ ਸਗੋਂ ਸਿਆਸੀ ਰੰਗਤ ਦੀ ਵਧੇਰੇ ਬਣ ਜਾਂਦੀ ਹੈ।

## ਚੋਣਾਂ 'ਚ ਲਿਬਰਲਾਂ ਨੂੰ ਮਹਿੰਗਾ ਪੈ ਸਕਦਾ ਹੈ ਐਸਐਨਸੀ-ਲਾਵਾਲਿਨ ਮੁੱਦਾ

...ਪੰਨਾ 1 ਦਾ ਬਾਕੀ

ਅਜੇ ਤੱਕ ਇਹ ਸਪਸਟ ਸੰਕੇਤ ਤਾਂ ਨਹੀਂ ਮਿਲ ਰਿਹਾ ਕਿ ਆਮ ਚੋਣਾਂ ਵਿੱਚ ਕਿਹੜੀ ਪਾਰਟੀ ਨੂੰ ਬਹੁਤੀਆਂ ਸੀਟਾਂ ਮਿਲਣਗੀਆਂ ਪਰ 2018 ਦੇ ਅੰਤ ਵਿੱਚ ਜਿੱਥੇ ਝੁਕਾਅ ਲਿਬਰਲਾਂ ਵੱਲ ਸੀ ਹੁਣ ਪੋਲ ਟਰੈਕਰ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਲਿਬਰਲਾਂ ਲਈ ਹਾਲਾਤ ਹੁਣ ਬਦਲ ਗਏ ਹਨ। ਗਲੋਬ ਦੀ ਰਿਪੋਰਟ ਤੋਂ ਬਾਅਦ ਕਰਵਾਏ ਗਏ ਤਿੰਨ ਸਰਵੇਖਣਾਂ ਵਿੱਚੋਂ ਦੋ ਤਾਂ ਰੇਅਬੋਲਡ ਦੇ ਅਸਤੀਫੇ ਤੋਂ ਬਾਅਦ ਹੀ ਕਰਵਾਏ ਗਏ ਹਨ।

ਇਨ੍ਹਾਂ ਸਰਵੇਖਣਾਂ ਵਿੱਚੋਂ ਕੈਂਪੇਨ ਰਿਸਰਚ ਦੇ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਲਿਬਰਲਾਂ ਦੇ 32 ਫੀ ਸਦੀ ਦੇ ਮੁਕਾਬਲੇ ਕੰਜ਼ਰਵੇਟਿਵਾਂ ਨੂੰ ਇਸ ਸਮੇਂ 37 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਇਪਸੌਸ ਤੇ ਲੈਅਰ ਵੱਲੋਂ ਇਸ ਫਰਕ ਨੂੰ ਲਿਬਰਲਾਂ ਨੂੰ ਮਿਲ ਰਹੇ 34 ਫੀ ਸਦੀ ਸਮਰਥਨ ਦੇ ਮੁਕਾਬਲੇ 36 ਫੀ ਸਦੀ ਦੱਸਿਆ ਗਿਆ ਹੈ।

## ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਰੇਅਬੋਲਡ ਉੱਤੇ ਦਬਾਅ ਪਾਉਣ ਤੋਂ ਉੱਘੇ ਬਿਊਰੋਕ੍ਰੈਟ ਨੇ ਕੀਤਾ ਇਨਕਾਰ

...ਪੰਨਾ 1 ਦਾ ਬਾਕੀ

ਫੈਡਰਲ ਪ੍ਰੌਸੀਕਿਊਟਰਜ਼ ਵੱਲੋਂ ਰੈਮੇਡੀਏਸ਼ਨ ਅਗਰੀਮੈਂਟ ਦੀ ਸੰਭਾਵਨਾ ਨੂੰ ਖਾਰਜ ਕਰਨ ਤੋਂ ਕਈ ਮਹੀਨੇ ਬਾਅਦ ਇਸ ਮਾਮਲੇ ਦੇ ਸਬੰਧ ਵਿੱਚ ਰੇਅਬੋਲਡ ਨਾਲ ਹੋਈ ਆਪਣੀ ਗੱਲਬਾਤ ਦਾ ਹਵਾਲਾ ਦਿੰਦਿਆਂ ਵਰਨਿੱਕ ਨੇ ਦੱਸਿਆ ਕਿ ਉਨ੍ਹਾਂ ਨੇ ਹੀ ਰੇਅਬੋਲਡ ਤੱਕ ਇਹ ਸੁਨੇਹਾ ਪਹੁੰਚਾਇਆ ਸੀ ਕਿ ਕਈ ਲੋਕ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਅੱਗੇ ਕੀ ਹੋਵੇਗਾ। ਵਰਕਰਜ਼, ਕਮਿਊਨਿਟੀਜ਼ ਤੇ ਸਪਲਾਇਰਜ਼ ਦਾ ਕੀ ਬਣੇਗਾ। ਭਾਵੇਂ ਇਸ ਬਾਰੇ ਫੈਸਲਾ ਲਿਆ ਜਾ ਚੁੱਕਿਆ ਸੀ ਫਿਰ ਵੀ ਅਟਾਰਨੀ ਜਨਰਲ ਕੋਲ ਅਜੇ ਵੀ ਇਸ ਮਾਮਲੇ ਵਿੱਚ ਦਖਲ ਦੇ ਕੇ ਫੈਡਰਲ ਵਕੀਲਾਂ ਨੂੰ ਰੈਮੇਡੀਏਸ਼ਨ ਅਗਰੀਮੈਂਟ ਲਈ ਹਦਾਇਤ ਕੀਤੀ ਜਾ ਸਕਦੀ ਸੀ ਪਰ ਰੇਅਬੋਲਡ ਨੇ ਅਜਿਹਾ ਨਹੀਂ ਕੀਤਾ।

ਵਰਨਿੱਕ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਕਰ ਰਹੇ ਲੋਕਾਂ ਨੂੰ ਹੁਣ ਇਹ ਤੈਅ ਕਰਨਾ ਹੋਵੇਗਾ ਕਿ ਇਸ ਤਰ੍ਹਾਂ ਦੀ ਗੱਲਬਾਤ ਨੂੰ ਅਢੁਕਵਾਂ ਦਬਾਅ ਮੰਨਿਆ ਜਾਵੇਗਾ ਜਾਂ ਨਹੀਂ। ਵਿਰੋਧੀ ਧਿਰ ਲਈ ਤਾਂ ਇਹੀ ਦਬਾਅ ਹੈ। ਕੰਜ਼ਰਵੇਟਿਵ ਡਿਪਟੀ ਆਗੂ ਲੀਜ਼ਾ ਰਾਇਤ ਨੇ ਆਖਿਆ ਕਿ ਇਹ ਗੈਰਵਾਜਿਬ ਸਿਆਸੀ ਦਖਲਅੰਦਾਜ਼ੀ ਨਹੀਂ ਤਾਂ ਹੋਰ ਕੀ ਹੈ, ਇਹ ਅਢੁਕਵਾਂ ਦਬਾਅ ਹੀ ਹੈ। ਇੱਥੇ ਅਟਾਰਨੀ ਜਨਰਲ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ।

ਪਰ ਵਰਨਿੱਕ ਨੇ ਇਹ ਤਰਕ ਵੀ ਦਿੱਤਾ ਕਿ ਜੇ ਰੇਅਬੋਲਡ ਨੂੰ ਕਿਸੇ ਕਿਸਮ ਦਾ ਦਬਾਅ ਮਹਿਸੂਸ ਹੋ ਰਿਹਾ ਸੀ ਤਾਂ ਉਹ ਟਰੂਡੋ ਕੋਲ ਜਾਂ ਐਥਿਕਸ ਕਮਿਸ਼ਨਰ ਕੋਲ ਵੀ ਜਾ ਸਕਦੀ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ।

## ਬੱਸ ਤੇ ਬਾਈਕ ਦੀ ਟੱਕਰ ਵਿੱਚ ਜੋੜੇ ਸਮੇਤ ਤਿੰਨ ਦੀ ਮੌਤ

ਫਿਰੋਜ਼ਪੁਰ, 21 ਫਰਵਰੀ (ਪੋਸਟ ਬਿਊਰੋ)- ਫਿਰੋਜ਼ਪੁਰ-ਜ਼ੀਰਾ ਰੋਡ 'ਤੇ ਪਿੰਡ ਸਾਂਦੇ ਹਾਸ਼ਮ ਦੇ ਨੇੜੇ ਕੱਲ੍ਹ ਸਵੇਰੇ ਮੋਟਰ ਸਾਈਕਲ 'ਤੇ ਸਵਾਰ ਤਿੰਨ ਜਣਿਆਂ ਨੂੰ ਨਿਊ ਦੀਪ ਕੰਪਨੀ ਦੀ ਇਕ ਬੱਸ ਨੇ ਟੱਕਰ ਮਾਰ ਦਿੱਤੀ, ਜਿਸ ਵਿੱਚ ਮੋਟਰ ਸਾਈਕਲ ਚਾਲਕ ਤੇ ਪਿੱਛੇ ਬੈਠੇ ਜੋੜੇ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਪਿੰਡ ਯਾਰੇਸ਼ਾਹ ਨਿਵਾਸੀ ਪ੍ਰੇਮ ਸਿੰਘ (40) ਪੁੱਤਰ ਬਾਗ ਸਿੰਘ ਤੇ ਉਸ ਦੀ ਪਤਨੀ ਊਸ਼ਾ (36) ਅਤੇ ਬੂਟਾ ਸਿੰਘ (36) ਪੁੱਤਰ ਕਸ਼ਮੀਰ ਸਿੰਘ ਪਿੰਡ ਨਾਜਸ਼ਾਹ ਮਿਸ਼ਰੀ ਦੇ ਰੂਪ ਵਿੱਚ ਹੋਈ ਹੈ।

ਸਿਵਲ ਹਸਪਤਾਲ ਪੁੱਜੇ ਬੂਟਾ ਦੇ ਗੁਆਂਢੀ ਚਮਕੌਰ ਸਿੰਘ ਨੇ ਦੱਸਿਆ ਕਿ ਊਸ਼ਾ ਰਾਣੀ ਦਾ ਇਲਾਜ ਬੀਤੇ ਕਾਫੀ ਸਮੇਂ ਤੋਂ ਫਰੀਦਕੋਟ ਦੇ ਮੈਡੀਕਲ ਕਾਲਜ ਤੋਂ ਚੱਲ ਰਿਹਾ ਸੀ। ਕੱਲ੍ਹ ਊਸ਼ਾ ਦੀ ਜਾਂਚ ਲਈ ਪ੍ਰੇਮ ਸਿੰਘ ਆਪਣੇ ਦੋਸਤ ਬੂਟਾ ਸਿੰਘ ਦੇ ਨਾਲ ਹਸਪਤਾਲ ਜਾ ਰਿਹਾ ਸੀ। ਤਿੰਨੇ ਇਕ ਹੀ ਮੋਟਰ ਸਾਈਕਲ 'ਤੇ ਸਵਾਰ ਸਨ। ਜਦੋਂ ਉਹ ਪਿੰਡ ਸਾਂਦੇ ਹਾਸ਼ਮ ਦੇ ਕੋਲ ਪੁੱਜੇ ਤਾਂ ਅੱਗੇ ਫਿਰੋਜ਼ਪੁਰ ਤੋਂ ਜ਼ੀਰਾ ਵੱਲ ਚੱਲੀ ਨਿਊ ਦੀਪ ਕੰਪਨੀ ਦੀ ਓਵਰਸਪੀਡ ਬੱਸ ਨੇ ਮੋਟਰ ਸਾਈਕਲ ਵਿੱਚ ਟੱਕਰ ਮਾਰ ਦਿੱਤੀ, ਜਿਸ ਨਾਲ ਤਿੰਨਾਂ ਦੀ ਮੌਕੇ 'ਤੇ ਮੌਤ ਹੋ ਗਈ। ਹਾਦਸੇ ਦੇ ਬਾਅਦ ਚਾਲਕ ਨੇ ਬੱਸ ਨੂੰ ਕੁਝ ਦੂਰੀ 'ਤੇ ਲੈ ਜਾ ਕੇ ਰੋਕ ਦਿੱਤਾ ਅਤੇ ਯਾਤਰੀਆਂ ਨਾਲ ਭਰੀ ਬੱਸ ਨੂੰ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ। ਥਾਣਾ ਮੱਲਾਂਵਾਲਾ ਦੇ ਇੰਚਾਰਜ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਨਿਊ ਦੀਪ ਕੰਪਨੀ ਦੀ ਬੱਸ ਦੇ ਚਾਲਕ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ ਅਤੇ ਬੱਸ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਥਾਣੇ ਵਿੱਚ ਬੰਦ ਕਰ ਦਿੱਤਾ ਗਿਆ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਫੋਰਡ ਦੇ ਫੰਡਰੇਜ਼ਿੰਗ ਈਵੈਂਟ ਲਈ ਟਿਕਟਾਂ ਵੇਚਣ ਵਾਸਤੇ ਲਈ ਜਾ ਰਹੀ ਹੈ ਲਾਬੀਕਾਰਾਂ ਦੀ ਮਦਦ



...ਪੰਨਾ 1 ਦਾ ਬਾਕੀ

ਪਰ 2016 ਵਿੱਚ ਲਿਬਰਲਾਂ ਵੱਲੋਂ ਸਿਆਸੀ ਫੰਡਰੇਜ਼ਿੰਗ ਸਬੰਧੀ ਸਖ਼ਤ ਕੀਤੇ ਗਏ ਨਿਯਮਾਂ ਕਾਰਨ ਟਿਕਟਾਂ ਵੇਚਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਹਾਲਾਂਕਿ ਕੰਪਨੀਜ਼ ਪਹਿਲਾਂ ਅਜਿਹੇ ਡਿਨਰਜ਼ ਲਈ ਆਪ ਪੂਰਾ ਟੇਬਲ ਖਰੀਦ ਲੈਂਦੀਆਂ ਹਨ ਤੇ ਫਿਰ ਉਨ੍ਹਾਂ ਵੱਲੋਂ ਆਪਣੇ ਇੰਪਲਾਈਜ਼, ਐਸੋਸਿਏਟਜ਼ ਜਾਂ ਕਲਾਇੰਟਜ਼ ਨੂੰ ਅੱਗੇ ਇਹ ਟਿਕਟਾਂ ਵੇਚ ਦਿੱਤੀਆਂ ਜਾਂਦੀਆਂ ਹਨ। ਪਰ ਹੁਣ ਹਰ ਟਿਕਟ ਲਈ ਵਿਅਕਤੀਗਤ ਤੌਰ ਉੱਤੇ ਅਦਾਇਗੀ ਕਰਨੀ ਪੈਂਦੀ ਹੈ। ਇਸ ਨਾਲ ਟਿਕਟਾਂ ਵੇਚਣ ਵਾਲਿਆਂ ਉੱਤੇ ਵੀ ਕਾਫੀ ਦਬਾਅ ਰਹਿੰਦਾ ਹੈ।

ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵਾਂ ਤੇ ਲਿਬਰਲਾਂ ਦੇ ਲਾਬੀਕਾਰਾਂ ਵੱਲੋਂ ਚਲਾਈ ਜਾਣ ਵਾਲੀ ਫਰਮ ਸਸੈਕਸ ਸਟਰੈਟੇਜੀ ਗਰੁੱਪ ਨੇ ਦੱਸਿਆ ਕਿ ਉਨ੍ਹਾਂ ਤੱਕ ਵੀ ਇਸ ਈਵੈਂਟ ਦੀਆਂ ਟਿਕਟਾਂ ਵਿਕਵਾਉਣ ਲਈ ਪਹੁੰਚ ਕੀਤੀ ਗਈ ਹੈ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਐਨ ਆਰ ਆਈ ਦੀ ਮੌਤ

ਅਜਨਾਲਾ, 21 ਫਰਵਰੀ (ਪੋਸਟ ਬਿਊਰੋ)- ਬੀਤੀ ਰਾਤ ਅਜਨਾਲਾ ਅੰਮ੍ਰਿਤਸਰ ਹਾਈਵੇ ਉੱਤੇ ਪਿੰਡ ਮਹਿਲ ਬੁਖਾਰੀ ਨੇੜੇ ਇਕ ਅਣਪਛਾਤੇ ਵਾਹਨ ਦੀ ਫਾਰਚੂਨਰ ਗੱਡੀ ਨਾਲ ਟੱਕਰ ਕਾਰਨ ਚਾਲਕ ਦੀ ਮੌਤ ਹੋ ਗਈ।

ਐਸ ਐਚ ਓ ਅਜਨਾਲਾ ਮਨਜਿੰਦਰ ਸਿੰਘ ਨੇ ਦੱਸਿਆ ਕਿ ਫਾਰਚੂਨਰ ਗੱਡੀ ਅੰਮ੍ਰਿਤਸਰ ਤੋਂ ਅਜਨਾਲਾ ਆ ਰਹੀ ਸੀ। ਜਦੋਂ ਇਹ ਗੱਡੀ ਪਿੰਡ ਮਹਿਲ ਬੁਖਾਰੀ ਕੋਲ ਪੁੱਜੀ ਤਾਂ ਅੱਗੋਂ ਆਏ ਇਕ ਅਣਪਛਾਤੇ ਵਾਹਨ ਨੇ ਉਸ ਨੂੰ ਟੱਕਰ ਮਾਰ ਦਿੱਤੀ। ਸਿੱਟੇ ਵਜੋਂ ਕਾਰ ਚਾਲਕ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਨੂੰ ਇਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਐਸ ਐਚ ਓ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਅਵਨੀਤ ਸਿੰਘ (30 ਸਾਲ) ਵਾਸੀ ਕੱਲੂ ਮਾਹਲ ਤਹਿਸੀਲ ਅਜਨਾਲਾ ਦੇ ਰੂਪ ਵਿੱਚ ਹੋਈ। ਮ੍ਰਿਤਕ ਦੇ ਰਿਸ਼ਤੇਦਾਰਾਂ ਮੁਤਾਬਕ ਕੁਝ ਦਿਨ ਪਹਿਲਾਂ ਹੀ ਅਵਨੀਤ ਸਿੰਘ ਆਪਣੇ ਪਰਵਾਰ ਨੂੰ ਮਿਲਣ ਅਮਰੀਕਾ ਤੋਂ ਆਇਆ ਸੀ। ਕੱਲ੍ਹ ਉਹ ਖਰੀਦੋ ਫਰੋਖਤ ਕਰਕੇ ਅੰਮ੍ਰਿਤਸਰ ਤੋਂ ਗੱਡੀ ਵਿੱਚ ਆਪਣੇ ਪਿੰਡ ਜਾ ਰਿਹਾ ਸੀ। ਅਵਨੀਤ ਸਿੰਘ ਅਮਰੀਕਾ ਦਾ ਸਿਟੀਜ਼ਨ ਸੀ।

## ਘੁਸਪੈਠ ਕਰ ਰਹੀ ਪਾਕਿ ਮਹਿਲਾ ਨੂੰ ਬੀ ਐਸ ਐਫ ਨੇ ਮਾਰੀ ਗੋਲੀ

ਅਮ੍ਰਿਤਸਰ, 21 ਫਰਵਰੀ (ਪੋਸਟ ਬਿਊਰੋ)- ਗੁਰਦਾਸਪੁਰ ਸੈਕਟਰ ਦੀ ਬੀ ਓ ਪੀ ਘਣੀਏ ਦੇ ਬਾਂਗਰ ਨੇੜੇ ਕੱਲ੍ਹ ਭਾਰਤੀ ਸਰਹੱਦ ਵਿੱਚ ਆ ਰਹੀ ਪਾਕਿਸਤਾਨੀ ਮਹਿਲਾ ਗੁਲਸ਼ਨ (34) ਨੂੰ ਬੀ ਐਸ ਐਫ ਨੇ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ। ਉਸ ਨੂੰ ਹਿਰਾਸਤ ਵਿੱਚ ਲੈ ਕੇ ਪਹਿਲਾ ਡੇਰਾ ਬਾਬਾ ਨਾਨਕ ਦੇ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਅਤੇ ਫਿਰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ। ਪਤਾ ਲੱਗਾ ਹੈ ਕਿ ਮਹਿਲਾ ਕੰਡਿਆਲੀ ਤਾਰ ਪਾਰ ਕਰ ਰਹੀ ਸੀ। ਬੀ ਐਸ ਐਫ ਜਵਾਨਾਂ ਨੇ ਉਸ ਨੂੰ ਉਥੇ ਰੁਕਣ ਲਈ ਕਿਹਾ, ਪਰ ਉਹ ਨਹੀਂ ਰੁਕੀ ਤਾਂ 10ਵੀਂ ਬਟਾਲੀਅਨ ਦੇ ਜਵਾਨਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਗੋਲੀ ਮਹਿਲਾ ਦੇ ਚੂੱਲ੍ਹੇ ਵਿੱਚ ਲੱਗੀ ਤੇ ਉਹ ਬੇਹੋਸ਼ ਹੋ ਗਈ। ਖੂਨ ਜ਼ਿਆਦਾ ਵਹਿ ਜਾਣ ਕਾਰਨ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਉਸ ਦੀ ਸਰਜਰੀ ਕੀਤੀ ਜਾਵੇਗੀ। ਮਹਿਲਾ ਪਾਕਿਸਤਾਨ ਦੇ ਪਿੰਡ ਜੱਸੜ ਨਾਰੋਵਾਲੀ ਦੀ ਰਹਿਣ ਵਾਲੀ ਹੈ। ਉਸ ਨੇ ਦੱਸਿਆ ਕਿ ਉਸ ਦਾ ਪਤੀ ਵਾਹਿਦ ਉਸ ਨੂੰ ਪਾਕਿਸਤਾਨੀ ਫੌਜ ਦੇ ਕੈਂਪ ਵਿੱਚ ਛੱਡ ਗਿਆ ਸੀ। ਉਸ ਕੋਲੋਂ ਰੱਸੀ, ਫੌਜ ਦੀ ਵਰਦੀ ਦੇ ਰੰਗ ਦੀ ਪੈਂਟ, ਪੁਰਸ਼ ਜੁੱਤੇ, ਲਿਪਿਸਟਿਕ, ਨਕਲੀ ਗਹਿਣੇ ਮਿਲੇ ਹਨ। ਬੀ ਐਸ ਐਫ ਅਫਸਰਾਂ ਦਾ ਕਹਿਣਾ ਹੈ ਕਿ ਘੁਸਪੈਠ ਕਰਨ ਵਾਲੀ ਮਹਿਲਾ ਮਾਨਸਿਕ ਰੂਪ ਨਾਲ ਕਈ ਵਾਰ ਠੀਕ ਲੱਗਦੀ ਹੈ ਤਾਂ ਕਦੇ ਵੱਖਰਾ ਵਿਹਾਰ ਕਰਦੀ ਹੈ। ਅਜੇ ਤੱਕ ਹੋਈ ਪੁੱਛਗਿੱਛ ਵਿੱਚ ਉਸ ਨੇ ਜੋ ਦੱਸਿਆ ਹੈ ਉਸ ਦੀ ਜਾਂਚ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਦੇ ਹਸਪਤਾਲ ਵਿੱਚ ਉਸ ਦਾ ਇਲਾਜ ਚੱਲ ਰਿਹਾ ਹੈ।

## ਕਾਲਜ ਵਿੱਚ ਕਸ਼ਮੀਰੀ ਨੌਜਵਾਨ ਵੱਲੋਂ ਕੌਮੀ ਝੰਡੇ ਦੇ ਅਪਮਾਨ ਤੋਂ ਵਿਦਿਆਰਥੀ ਭੜਕੇ

ਦੀਨਾਨਗਰ, 21 ਫਰਵਰੀ (ਪੋਸਟ ਬਿਊਰੋ)- ਪਿਛਲੇ ਹਫਤੇ ਪੁਲਵਾਮਾ 'ਚ ਹੋਏ ਦਹਿਸ਼ਗਰਦਾਂ ਦੇ ਹਮਲੇ ਤੋਂ ਬਾਅਦ ਦੀਨਾਨਗਰ ਦੇ ਇਕ ਕਾਲਜ ਦੇ ਹੋਸਟਲ 'ਚ ਰਹਿ ਰਹੇ ਵਿਦਿਆਰਥੀਆਂ ਨੇ ਜਦੋਂ ਸਾਰੇ ਕਮਰਿਆਂ ਦੇ ਬਾਹਰ ਤਿਰੰਗੇ ਝੰਡੇ ਲਾਉਣ ਪਿੱਛੋਂ ਭਾਰਤ ਮਾਤਾ ਦੀ ਜੈ ਅਤੇ ਭਾਰਤੀ ਸੈਨਾ ਜ਼ਿੰਦਾਬਾਦ ਦੇ ਨਾਅਰੇ ਲਾਏ ਤਾਂ ਇਸ ਦੌਰਾਨ ਕਾਲਜ ਦੇ ਹੋਸਟਲ ਵਿੱਚ ਰਹਿ ਰਹੇ ਇਕ ਕਸ਼ਮੀਰੀ ਵਿਦਿਆਰਥੀ ਨੇ ਤਿਰੰਗਾ ਝੰਡਾ ਪਾੜ ਕੇ ਸੁੱਟ ਦਿੱਤਾ। ਇਸ ਦਾ ਪਤਾ ਲੱਗਦੇ ਸਾਰ ਕੁਝ ਵਿਦਿਆਰਥੀਆਂ ਵੱਲੋਂ ਵਿਰੋਧ ਕਰਨ 'ਤੇ ਗੱਲ ਵਧ ਗਈ ਅਤੇ ਹੱਥੋਪਾਈ ਤੱਕ ਆ ਗਈ।

ਕਸ਼ਮੀਰੀ ਵਿਦਿਆਰਥੀ ਸੋਹੇਲ ਨੇ ਕਿਹਾ ਕਿ ਮੈਂ ਇਹ ਤਿਰੰਗਾ ਝੰਡਾ ਪਾੜਿਆ ਹੈ ਤੇ ਤੁਸੀਂ ਜਿੰਨੀ ਵਾਰ ਵੀ ਝੰਡਾ ਲਾਉਗੇ, ਉਤਾਰ ਦੇਵਾਂਗਾ, ਤੁਸੀਂ ਜੋ ਕਰਨਾ ਹੈ, ਕਰ ਲਵੋ। ਇਸ ਨੂੰ ਲੈ ਕੇ ਸੋਹੇਲ ਕੁਝ ਵਿਦਿਆਰਥੀਆਂ ਨਾਲ ਭਿੜ ਗਿਆ। ਇਕ ਹੋਰ ਵਿਦਿਆਰਥੀ, ਜੋ ਹੋਸਟਲ 'ਚ ਰਹਿੰਦਾ ਹੈ, ਸੋਹੇਲ ਦੇ ਪੱਖ ਵਿੱਚ ਆ ਗਿਆ, ਪਰ ਓਥੇ ਮੌਜੂਦ ਕੁਝ ਵਿਦਿਆਰਥੀਆਂ ਨੇ ਮਾਮਲਾ ਸ਼ਾਂਤ ਕਰਵਾ ਕੇ ਸਾਰੇ ਵਿਦਿਆਰਥੀਆਂ ਨੂੰ ਹੋਸਟਲ ਦੇ ਕਮਰੇ ਵਿੱਚ ਭੇਜ ਦਿੱਤਾ। ਕੱਲ੍ਹ ਕਾਲਜ ਦੇ ਸਾਰੇ ਵਿਦਿਆਰਥੀਆਂ ਤੇ ਵੱਖ-ਵੱਖ ਹਿੰਦੂ ਸੰਗਠਨਾਂ ਨੇ ਕਾਲਜ ਵੱਲੋਂ ਇਸ ਗੱਲ ਨੂੰ ਦੋ ਦਿਨ ਤੱਕ ਲੁਕਾਉਣ ਦੇ ਵਿਰੋਧ ਵਿੱਚ ਕਾਲਜ ਦੀ ਗਰਾਊਂਡ ਵਿੱਚ ਮੈਨੇਜਮੈਂਟ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਧਰਨਾ ਸ਼ੁਰੂ ਕਰ ਦਿੱਤਾ।




## ਹਾਈ ਕੋਰਟ ਨੇ ਸਿੱਖ ਨੌਜਵਾਨਾਂ ਦੀ ਸਜ਼ਾ ਵਿਰੁਧ ਅਪੀਲ ਪ੍ਰਵਾਨ ਕੀਤੀ

ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਜ਼ਿਲਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਐਡੀਸ਼ਨਲ ਸੈਸ਼ਨ ਜੱਜ ਰਣਧੀਰ ਵਰਮਾ ਦੀ ਅਦਾਲਤ ਵੱਲੋਂ ਖਾਲਿਸਤਾਨੀ ਸਾਹਿਤ ਤੇ ਨਿਰੰਕਾਰੀ ਕਾਂਡ ਦੇ ਸ਼ਹੀਦਾਂ ਦੀਆਂ ਤਸਵੀਰਾਂ ਆਦਿ ਰੱਖਣ ਦੇ ਮਾਮਲੇ 'ਚ ਸਿੱਖ ਨੌਜਵਾਨਾਂ ਨੂੰ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਵਿਰੁੱਧ ਅਪੀਲ ਨੂੰ ਕੱਲ੍ਹ ਹਾਈ ਕੋਰਟ ਵੱਲੋਂ ਸੁਣਵਾਈ ਲਈ ਸਵੀਕਾਰ ਕਰ ਲਿਆ ਗਿਆ ਹੈ। ਜਸਟਿਸ ਰਾਜੀਵ ਸ਼ਰਮਾ ਦੀ ਅਗਵਾਈ ਵਾਲੇ ਡਵੀਜ਼ਨ ਬੈਂਚ ਨੇ ਐਡਵੋਕੇਟ ਆਰ ਐਸ ਬੈਂਸ ਦੀ ਪਟੀਸ਼ਨ ਉਤੇ ਨੌਜਵਾਨਾਂ ਦੀ ਜ਼ਮਾਨਤ ਅਰਜ਼ੀ 'ਤੇ ਪੰਜਾਬ ਸਰਕਾਰ ਅਤੇ ਪੁਲਸ ਨੂੰ ਤਿੰਨ ਅਪ੍ਰੈਲ ਲਈ ਨੋਟਿਸ ਜਾਰੀ ਕਰ ਦਿੱਤਾ ਹੈ ਅਤੇ ਨਾਲ ਹੀ ਹੇਠਲੀ ਅਦਾਲਤ ਵੱਲੋਂ ਲਾਏ ਜੁਰਮਾਨੇ ਉਤੇ ਰੋਕ ਲਾ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਹੇਠਲੀ ਅਦਾਲਤ ਵੱਲੋਂ ਤਿੰਨ ਸਿੱਖ ਨੌਜਵਾਨਾਂ ਨੂੰ ਭਾਰਤੀ ਦੰਡਾਵਲੀ ਦੀ ਧਾਰਾ 121 (ਰਾਜ ਵਿਰੁੱਧ ਜੰਗ ਵਿੱਢਣ) ਅਤੇ 121ਏ (ਰਾਜ ਵਿਰੁੱਧ ਜੰਗ ਵਿੱਢਣ ਦੀ ਤਿਆਰੀ) ਅਧੀਨ ਇਨ੍ਹਾਂ ਲੋਕਾਂ ਨੂੰ ਰਾਜ ਵਿਰੁੱਧ ਜੰਗ ਵਿੱਢਣ ਦਾ ਦੋਸ਼ੀ ਐਲਾਨਿਆ ਸੀ।

## ਸਾਮਾਨ ਖਰੀਦ ਘਪਲੇ ਬਾਰੇ ਬਰਨਾਲਾ ਜੇਲ੍ਹ ਦਾ ਰਿਕਾਰਡ ਜ਼ਬਤ

ਬਰਨਾਲਾ, 21 ਫਰਵਰੀ (ਪੋਸਟ ਬਿਊਰੋ)- ਸਬ ਜੇਲ੍ਹ ਬਰਨਾਲਾ ਵਿੱਚ ਵਿਜੀਲੈਂਸ ਵਿਭਾਗ ਦੇ ਅਫਸਰਾਂ ਨੇ ਰੇਡ ਕਰਕੇ ਜੇਲ੍ਹ ਦੀ ਖਰੀਦ ਦੇ ਪੂਰੇ ਰਿਕਾਰਡ ਨੂੰ ਜ਼ਬਤ ਕਰ ਲਿਆ ਹੈ। ਜਿਨ੍ਹਾਂ ਰਜਿਸਟਰਾਂ 'ਤੇ ਖਰੀਦ ਦੀ ਐਂਟਰੀ ਹੋਈ ਸੀ, ਉਹ ਸਾਰੇ ਵਿਜੀਲੈਂਸ ਨੇ ਆਪਣੇ ਕਬਜ਼ੇ ਵਿੱਚ ਲੈ ਲਏ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜੇ ਇਨ੍ਹਾਂ ਵਿੱਚ ਗੜਬੜੀ ਪਾਈ ਗਈ ਤਾਂ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਪਿਛਲੇ ਸਮੇਂ ਵਿੱਚ ਸਬ ਜੇਲ੍ਹ ਬਰਨਾਲਾ ਵਿੱਚ ਗਲਤ ਤਰੀਕੇ ਨਾਲ ਸਾਮਾਨ ਦੀ ਖਰੀਦਦਾਰੀ ਦੇ ਦੋਸ਼ ਲੱਗਦੇ ਰਹੇ ਸਨ। ਵਿਜੀਲੈਂਸ ਇੰਸਪੈਕਟਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਸੀ ਕਿ ਸਬ ਜੇਲ੍ਹ ਬਰਨਾਲਾ ਵਿੱਚ ਖਰੀਦਦਾਰੀ ਦੇ ਕੰਮ ਵਿੱਚ ਗੜਬੜ ਚੱਲ ਰਹੀ ਹੈ। ਜੇਲ੍ਹ ਦੀ ਰਸੋਈ ਵਿੱਚ ਸਬਜ਼ੀ, ਰਾਸ਼ਨ ਆਦਿ ਦੀ ਖਰੀਦਦਾਰੀ ਲਈ ਜੋ ਬਿੱਲ ਲਾਏ ਜਾਂਦੇ ਹਨ, ਉਹ ਅਸਲੀ ਨਹੀਂ ਹਨ। ਗੁਪਤ ਸੂਚਨਾ ਉੱਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਜਿਨ੍ਹਾਂ ਫਰਮਾਂ ਦੇ ਬਿੱਲ ਲਾ ਕੇ ਜੇਲ੍ਹ ਦੇ ਖਾਤੇ ਤੋਂ ਰੁਪਏ ਕੱਢੇ ਜਾਂਦੇ ਹਨ, ਅਸਲ ਵਿੱਚ ਉਹ ਫਰਮਾਂ ਬਰਨਾਲਾ ਦੇ ਕਿਸੇ ਵੀ ਬਾਜ਼ਾਰ ਵਿੱਚ ਨਹੀਂ ਹੈ। ਇਸ ਆਧਾਰ 'ਤੇ ਉਨ੍ਹਾਂ ਨੇ ਜੇਲ੍ਹ ਵਿੱਚ ਰੇਡ ਕਰਕੇ ਪੂਰਾ ਰਿਕ-ਾਰਡ ਆਪਣੇ ਕਬਜ਼ੇ ਵਿੱਚ ਲਿਆ ਹੈ ਅਤੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜੇਲ੍ਹ ਕਰਮਚਾਰੀਆਂ ਵੱਲੋਂ ਸਮੇਂ-ਸਮੇਂ 'ਤੇ ਦਿੱਤੀ ਜਾਂਦੀ ਐਂਟਰੀ ਬਿੱਲ ਦੀ ਫੋਟੋ ਕਾਪੀ ਤੇ ਬਿੱਲ ਕਿਸ ਪਾਰਟੀ ਦਾ ਹੈ, ਉਸ ਦਾ ਪੂਰਾ ਸਟੇਟਸ ਵਿਜੀਲੈਂਸ ਵਿਭਾਗ ਵੱਲੋਂ ਪਤਾ ਕੀਤਾ ਜਾਵੇਗਾ। ਜੇ ਇਸ ਵਿੱਚ ਕੁਝ ਸਹੀ ਨਾ ਪਾਇਆ ਗਿਆ ਤਾਂ ਉਸ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।






੧ੳ ਸਤਿਗੁਰ ਪ੍ਰਸਾਦਿ॥

# ਤਥਾ: ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥



ਕਰਨੈਲ ਸਿੰਘ ਟੋਰਾਂਟੋ
416-746-7642

ਪਉੜੀ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥

ਅਰਥ:- ਸੋਹਣੇ ਕੱਪੜੇ ਅਤੇ ਸੋਹਣਾ ਰੂਪ, ਚਾਰ ਦਿਨ ਦੀ ਚਾਂਦਨੀ ਹੈ। ਇਸ ਸੁੰਦਰਤਾ ਨੂੰ ਇਸ ਦੁਨੀਆਂ ਅੰਦਰ ਛੱਡ ਕੇ, ਪ੍ਰਲੋਕ ਨੂੰ ਚਲੇ ਜਾਣਾ ਹੈ। ਆਪਣੇ ਮੰਦੇ ਕਰਮ ਅਤੇ ਕਰਮਾਂ ਦਾ, ਫਲ ਜੀਵ ਨੇ ਆਪ ਹੀ ਪਾਵਣਾ=ਪ੍ਰਾਪਤ ਕਰਨਾ ਹੈ।

ਤਥਾ: ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥

(ਮਹਲਾ ੧॥ ਪੰਨਾ ੪੭੦)

ਅਰਥ:- ਐਥੇ ਭਾਵੇਂ ਤੈ ਮਨ ਭਾਉਂਦੇ ਹੁਕਮ ਚਲਾਏ ਹਨ, ਅੱਗੇ ਪ੍ਰਲੋਕ ਵਿਚ, ਜੇ ਤੇਰੇ ਪਾਸ ਨਾਮੁ ਪਦਾਰਥ ਨਾ ਹੋਇਆ ਤਾਂ ਭੀੜੇ ਰਸਤੇ ਵਿਚ ਦੀ ਲੰਘਣਾ ਪੈਣਾ ਹੈ।

ਤਥਾ: ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥

ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥੧੦॥

(ਮਹਲਾ ੧॥ ਪੰਨਾ ੧੦੨੮)

ਅਰਥ:- ਖੰਡੇ ਦੀ ਤਿੱਖੀ ਧਾਰ ਜਿੰਨੀ ਬਰੀਕ ਗਲੀ ਥਾਈਂ ਲੰਘਾਦੇ ਹਨ, ਨਾਮ ਤੋਂ ਹੀਣਿਆਂ ਦਾ ਰਸਤਾ ਹੈ ਇਹ ਪਾਪੀਆਂ ਪੁਰਸ਼ਾਂ ਦਾ। ਮਾਤਾ, ਪਿਤਾ, ਇਸਤ੍ਰੀ ਪੁਤ੍ਰ ਕੋਈ ਨਹੀਂ ਛੱਡਾ ਸਕਦਾ।

ਨੰਗਾ ਦੋਜਕਿ ਚਾਲਿਆ ਤਾਂ ਦਿਸੈ ਖਰਾ ਡਰਾਵਣਾ॥

(ਪੰਨਾ ੪੭੧)

ਅਰਥ:- ਪਾਪੀ ਜੀਵਾਂ ਨੂੰ ਨੰਗੇ ਕਰਕੇ ਨਰਕਾਂ ਵਿਚ ਸੁੱਟ ਦਿੰਦੇ ਹਨ ਤਾਂ ਉਥੇ ਭਿਆਨਕ=ਡਰਾਉਣਾ ਦਿਸੇਂਗਾ।

ਨੋਟ:- ਸਾਡੇ ਸਿਖਾਂ ਦੇ ਧਰਮ ਵਿਚ ਨਾਮ ਦੀ ਜਗਾ ਕੱਪੜਿਆਂ ਦਾ ਲੋਕ ਦਿਖਾਵਾ ਜ਼ਿਆਦਾ ਵੱਧ ਗਿਆ ਹੈ। ਇਹ ਗੁਰਮੱਤ ਨਹੀਂ ਮਨਮੱਤ ਹੈ। ਗੁਰੂ ਗ੍ਰੰਥ ਸਾਹਿਬ ਸਿੱਖਾਂ ਨੂੰ ਨਾਮ ਨਾਲ ਜੋੜਦੇ ਹਨ। ਨਾ ਕੇ ਕਿਸੇ ਕਿਸਮ ਦੇ ਪਹਿਰਾਵੇ ਨਾਲ, ਪੜੋ ਗੁਰੂ ਗ੍ਰੰਥ ਸਾਹਿਬ ਨੂੰ ਗੁਰਮੁਖ ਪਿਆਰਿਓ।

ਤਥਾ: ਕਰਿ ਅਉਗਣ ਪਛੋਤਾਵਣਾ॥੧੪॥

(ਪੰਨਾ ੪੭੧)

ਅਰਥ:- ਨਾਮੁ ਤੋਂ ਸੱਖਣੇ ਰਹਿਕੇ, ਆਪਣੀ ਮਰਜ਼ੀ ਦੇ ਕਰਮ ਜਾਂ ਔਗੁਣ ਕਰਕੇ ਦਰਗਾਹ ਵਿਚ ਸਜ਼ਾ ਮਿਲਦੀ ਹੈ, ਪਛੁਤਾਣਾ ਪਏਗਾ। ਉਥੇ ਨਾਮ ਜਪਣ ਵਾਲੇ ਜੀਵਾਂ ਨੂੰ ਪੂਰਨ ਇਜ਼ਤ ਸਤਿਕਾਰ ਮਿਲਦਾ ਹੈ।

(ਇਕ ਪਾਂਡੇ ਨੂੰ ਗਿਆਨ ਬਖਸ਼ਦੇ ਹਨ ਹਰਦਿਆਲ ਪ੍ਰੋਹਤ ਨੂੰ =
ਗੁਰੂ ਨਾਨਕ ਦੇਵ ਜੀ)

ਤਥਾ: ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਮਹਲਾ ੧॥ ਪੰਨਾ ੪੭੧)

ਅਰਥ:- ਹੇ ਪਾਂਡੇ ਦਇਆ ਦੀ ਕਪਾਹ, ਸੰਤੋਖ ਦਾ ਸੂਤ, ਸਤ=ਸੱਚ ਤੇ ਪਹਿਰਾ ਦੇਣਾਂ ਭਾਵ ਸੱਚ ਬੋਲਣਾ ਕਰ, ਝੂਠ ਬੋਲਣਾ ਪਾਪ ਹੈ, ਜੱਤ ਦੀਆਂ ਗੰਢਾਂ ਏਹੁ ਜੇਹਾ ਸੂਤ ਦਾ ਜੰਞੂ ਪ੍ਰੋਹਤ ਸਾਡੇ ਗਲ ਵਿਚ ਪਾਦੇ, ਜਿਹੜਾ ਪ੍ਰਲੋਕ ਵਿਚ ਵੀ ਮੱਦਦ ਕਰੇ। ਏਹ ਜੇਹੜਾ ਤੂੰ ਜੰਞੂ ਪਾਉਂਦਾ ਹੈ, ਇਹ ਏਥੇ ਹੀ ਰਹਿ ਜਾਵੇਗਾ। ਪ੍ਰਲੋਕ ਵਿਚ ਕੀ ਲੈ ਕੇ ਜਾਵੇਂਗਾ।

ਧਾਰਨਾਂ:- ਸੋਹਣੇ ਕੱਪੜੇ ਤੇ ਰੂਪੁ ਸੁਹਾਵਣਾ, ਦੁਨੀਆਂ ਤੇ ਛੱਡ ਜਾਵਣਾ॥੨॥

ਮੇਰੇ ਪਿਆਰੇ ਜੀ ਦੁਨੀਆਂ ਤੇ ਛੱਡ ਜਾਵਣਾ॥੨॥

ਸੋਹਣੇ ਕੱਪੜੇ ਤੇ ਰੂਪੁ ਸੁਹਾਵਣਾ, ਦੁਨੀਆਂ ਤੇ ਛੱਡ ਜਾਵਣਾ॥੨॥

ਨੋਟ:- ਜਿਹੜੇ ਅੰਮ੍ਰਿਤ ਨਹੀਂ ਛੱਕਦੇ, ਪੱਗਾਂ ਵਾਲੇ ਸਿੱਖ ਕਹਾਉਂਦੇ ਹਨ, ਸਿੱਖ ਧਰਮ ਲਈ ਹਾਨੀਕਾਰਕ ਹਨ। ਵਾਧਾ ਕਰਨ ਦੀ ਵਜਾਏ, ਘਟਾ ਰਹੇ ਹਨ, 1699 ਦੀ ਵੈਸ਼ਾਖੀ ਦੇ ਸਿਧਾਂਤ ਨੂੰ।

ਤਥਾ: ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ
ਹਰਿ ਹਰਿ ਭੀਜੈ ਰਾਮ ਰਾਜੇ॥

ਮਹਲਾ ੪॥ ਪੰਨਾ ੪੫੦)

ਅਰਥ:- ਕੋਈ ਰਾਗਾਂ ਦੁਆਰਾ, ਕੋਈ ਨਾਦੀ=ਵਾਜੇ ਵਜਾਕੇ, ਕੋਈ ਬੇਦੀ-ਬੇਦਾਂ ਨੂੰ ਪੜ੍ਹਕੇ, ਕਈ ਢੰਗ ਤਰੀਕਿਆਂ ਨਾਲ, ਹਰੀ ਜ਼ਸ ਨੂੰ ਗਾਉਂਦੇ ਹਨ। ਗੁਰੂ ਸਾਹਿਬ ਕਹਿੰਦੇ ਹਨ, ਇਸ ਤਰ੍ਹਾਂ ਹਰੀ ਰਾਮ ਰਾਜਾ ਨਹੀਂ ਭਿਜਦਾ ਭਾਵ ਪ੍ਰਸ਼ੰਨ ਨਹੀਂ ਹੁੰਦਾ।

ਤਥਾ: ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥

ਅਰਥ:- ਜਿਨ੍ਹਾਂ ਪੁਰਸਾਂ ਦੇ ਹਿਰਦੇ ਅੰਦਰ ਕੱਪਟ ਹੈ, ਜਾਂ ਵਿਕਾਰਾਂ= ਮੰਦ ਪਾਪਾਂ ਨਾਲ ਪੈਰਾਂ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਭਰਿਆ ਪਿਆ ਹੈ। ਉਨ੍ਹਾਂ ਨੇ ਮਿਠੀਆਂ ਧੁਨਾਂ ਨਾਲ ਗਾਕੇ ਕੀ ਖੱਟਣਾਂ ਹੈ। ਬਹੁਤਾ ਰੋਣ ਕਰਕੇ ਪ੍ਰਮਾਤਮਾ ਖੁੱਸ਼ ਨਹੀਂ ਹੁੰਦਾ, ਜਿਨੀ ਦੇਰ ਤੱਕ ਅੰਦਰੋਂ ਲੋਭ ਲਾਲਚ ਵਾਲਾ ਕੱਪਟ ਨਹੀਂ ਛੱਡਦਾ। ਹਰੀ ਰਾਜਾ ਨਿਸ਼ਕਾਮ ਸੇਵਾ ਤੇ ਭਿੱਜਦਾ ਹੈ।

ਤਥਾ: ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥

ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥

(ਪੰਨਾ ੪੫੦)

ਅਰਥ:- ਹਰੀ ਕਰਤਾ=ਸ੍ਰਿਸ਼ਟੀ ਨੂੰ ਕਰਨ ਵਾਲਾ ਸਭੁ ਕੁੱਛ ਜਾਣਦਾ ਹੈ। ਜੋ ਵੀ ਜੀਵ ਪਾਪ ਜਾਂ ਪੁੰਨ ਜਾਂ ਕੱਪਟ ਕਰਦੇ ਹਨ, ਕੱਪਟੀ ਪੁਰਸ਼ਾ ਨੂੰ ਬੇਅੰਤ ਰੋਗ ਲਾ ਦਿੰਦਾ ਹੈ। ਭਿਆਨਕ ਬੀਮਾਰੀਆਂ ਲਾਉਂਦਾ ਹੈ। ਜਿਨ੍ਹਾਂ ਗੁਰਮੁੱਖਾਂ ਨੇ ਸੁਧ ਹਿਰਦੇ ਦੇ ਨਾਲ ਪ੍ਰੇਮਾਂ ਭਗਤੀ ਕੀਤੀ ਹੈ। ਉਨ੍ਹਾਂ ਨੂੰ ਹਰੀ ਰਾਮ ਰਾਜੇ ਦੀ ਭਗਤੀ ਪ੍ਰਾਪਤ ਹੁੰਦੀ ਹੈ।

ਨੋਟ:- ਰੋਜ਼ੀ ਰੋਟੀ ਲਈ ਪੈਸੇ ਦੀ ਹਰ ਇਕ ਨੂੰ ਜ਼ਰੂਰਤ ਹੁੰਦੀ ਹੈ। ਸਾਡੇ ਪ੍ਰਚਾਰਕਾਂ ਨੂੰ ਬੇਅੰਤ ਧੰਨ ਦੇਣਾ ਚਾਹੀਦਾ ਹੈ, ਇਨ੍ਹਾਂ ਦੀ ਜਿੰਦਗੀ ਇਨ੍ਹਾਂ ਦੇ ਪ੍ਰਵਾਰਾਂ ਦੀ ਜ਼ਿੰਦਗੀ ਉੱਚੇ ਸਟੈਂਡੜ ਦੀ ਹੋਣੀ ਚਾਹੀਦੀ ਹੈ।

ਤਥਾ: ਸੰਤ ਸਭਾ ਮਿਲਿ ਕਰਹੁ ਬਖਿਆਣ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ॥

ਬ੍ਰਹਮ ਬੀਚਾਰੁ ਬੀਚਾਰੇ ਕੋਇ॥ ਨਾਨਕ ਤਾ ਕੀ ਪਰਮ ਗਤਿ ਹੋਇ॥

(ਮ:੫॥ ਪੰਨਾ ੯੦੦)

ਅਰਥ:- ਸੰਤਾ ਦੀ ਸਭਾ ਵਿਚ ਮਿਲਕੇ ਬਖਿਆਣ ਕਰਹੁ, ੨੭ ਸਿਮ੍ਰਿਤੀਆਂ, ਛੇ ਸਾਸਤ੍ਰ, ਚਾਰ ਵੇਦ, ਅਠਾਰਾਂ ਪੁਰਾਣਾਂ ਨੂੰ ਪੜ੍ਹਕੇ ਬੀਚਾਰ ਕਰਹੁ, ਕੇ ਪ੍ਰਮਾਤਮਾ ਦੀ ਭਗਤੀ ਕਰਨ ਲਈ, ਮਨੁੱਖਾ ਜਨਮ ਦੀ ਸਫਲਤਾ ਲਈ, ਪਰਾਤਨ ਵਿਦਵਾਨਾਂ ਨੇ ਕੀ ਲਿਖਿਆ ਹੈ। ਨੋਟ:- ਗੁਰੂ ਗਹਅ ਦਖਡ ਜੀ ਕਹਿ ਰਹੇ ਹਨ, ਨਾ ਕੇ ਕਰਨੈਲ ਸਿੰਘ ਟੋਰੰਟੋ। ਜਿਹੜਾ ਪੁਰਖ ਬ੍ਰਹਮ ਦੀ ਵਿਚਾਰ ਨੂੰ ਵਿਚਾਰਦਾ ਹੈ, ਉਸ ਨੂੰ ਪਰਮਗਤੀ ਮਿਲਦੀ ਹੈ, ਮੁੱਕਤੀ ਮਿਲਦੀ ਹੈ।

ਤਥਾ: ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਠਝ੍ਵਓ ਜਪੈਨੀ॥

ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ॥

(ਮਹਲਾ ੫॥ ਪੰਨਾ ੮੦੦)

ਅਰਥ:- ਉਤੇ ਲਿਖੇ ਚਾਰਾ ਬਰਨਾਂ ਵਿਚਹੁ ਕੋਈ ਵੀ ਗੁਰੂ ਦੇ ਦਿੱਤੇ ਗੁਰਮੰਤ੍ਰ ਨੂੰ ਜੱਪਦਾ ਹੈ ਅਤੇ ਆਪਣੇ ਸਤਿਗੁਰ ਨੂੰ ਭਾਵ ਆਪਣੇ ਗੁਰੂ ਨੂੰ ਪਾਰਬ੍ਰਹਮ ਕਰਿ ਕੇ ਪੂਜਹੁ। ਜਿਵੇਂ ਸਾਡੇ ਸਿੱਖਾਂ ਦੇ ਸਤਿਗੁਰ-ਗੁਰੂ ਗ੍ਰੰਥ ਸਾਹਿਬ ਹਨ, ਇਨ੍ਹਾਂ ਨੂੰ ਪਾਰਬ੍ਰਹਮ ਕਰਕੇ ਪੂਜਹੁ ਤੁਹਾਡਾ ਜਨਮ ਸਫਲਾ ਹੋਵੇਗਾ।

ਨੋਟ:- ਅਸੀਂ ਪਾਰਬ੍ਰਹਮ ਕਰਕੇ ਨਹੀਂ ਪੂਜਦੇ, ਅਸੀਂ ਲੋਭ ਲਾਲਚ ਲਈ ਜਾਂ ਆਪਣੀ ਸਰਦਾਰੀ ਕੈਮ ਰਖਣ ਲਈ, ਦੁਨੀਆਂ ਤੇ ਆਪਣਾ ਦੱਬ ਦਬਾ ਰੱਖਣ ਲਈ ਹੀ ਪੂਜਿਆ ਹੈ। ਜ਼ਿਆਦਾ ਲਿਖਣ ਦੀ ਜ਼ਰੂਰਤ ਨਹੀਂ, ਆਪ ਹਰ ਰੋਜ਼ ਸਾਡੇ ਧਰਮ ਵਿਚ ਆਈਆਂ ਕੁਰੀਤੀਆਂ, ਹਰਿ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹੋ।

(ਗੁਰੂ ਨਾਨਕ ਦੇਵ ਜੀ ਲਿਖਦੇ ਹਨ)

ਤਥਾ: ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥

(ਮਹਲਾ ੧॥ ਪੰਨਾ ੭੨)

ਅਰਥ:- ਸੰਗਤਿ ਵਿਚ ਬੈਠ ਕੇ ਇਕ ਨਾਮ ਦਾ ਸਿਮਰਨ ਜਾ ਵੀਚਾਰ ਕਰਨੀ ਹੈ। ਤਨੋਂ ਮਨੋਂ ਆਪਣੇ ਗੁਰੂ ਦੀ ਸੇਵਾ ਅਤੇ ਸਤਿਕਾਰ ਕਰੋ।

ਤਥਾ: ਅਠ ਸਠਿ ਤੀਰਥ ਜਹ ਸਾਧ ਪਗ ਧਰਹਿ॥

ਤਹ ਬੈਕੁੰਠੁ ਜਹ ਨਾਮੁ ਉਚਰਹਿ॥

(ਮਹਲਾ ੫॥ ਪੰਨਾ ੮੯੦)

ਅਰਥ:- ਜਿਥੇ ਸੰਤ ਜਨ ਬੈਠਕੇ ਨਾਮ ਜਪਦੇ ਹਨ, ਉਹ ਅਸਥਾਨ ਬੈਕੁੰਠ ਦੇ ਸਮਾਨ ਹੈ। ਜਿਥੇ ਸਾਧੂ ਆਪਣੇ ਪਵਿਤ੍ਰ ਚਰਨ ਰੱਖਦੇ ਹਨ। ਉਥੇ ਅਠ ਸਠਿ 60 ਤੇ 8-68 ਤੀਰਥ, ਸਾਧੂਆਂ ਦੇ ਚਰਨ ਪ੍ਰਸ਼ਨ ਆਉਂਦੇ ਹਨ।

ਧਾਰਨਾਂ:- ਅਠ ਸਠਿ ਤੀਰਥ ਨਿਵਾਸ਼ ਉਥੇ ਰਖਦੇ ਨੇ; ਜਿਥੇ ਸਾਧੂ ਪੈਰ ਧਰੇ॥੨॥

ਅੰਤਰ:- ਮੇਰੇ ਪਿਆਰੇ ਜੀ ਜਿਥੇ ਸਾਧੂ ਪੈਰ ਧਰੇ॥੨॥

ਧਾਰਨਾਂ:- ਅਠ ਸਠਿ ਤੀਰਥ ਨਿਵਾਸ਼ ਉਥੇ ਰਖਦੇ ਨੇ; ਜਿਥੇ ਸਾਧੂ ਪੈਰ ਧਰੇ॥੨॥

ਤਥਾ: ਬਿਨੁ ਨਾਵੈ ਸਭ ਦੁਖੁ ਸੰਸਾਰਾ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ॥

ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ॥

ਮਹਲਾ ੩॥ (ਪੰਨਾ ੧੦੬੨)

ਅਰਥ:- ਪ੍ਰਭੁ ਦਾ ਨਾਮ ਸੁਖਾਂ ਦਾ ਦਾਤਾ ਹੈ, ਜਿਹੜੇ ਪੁਰਸ਼ ਨਾਮ ਨਹੀਂ ਜਪਦੇ ਉਹ ਬੇਅੰਤ ਦੁਖਾਂ ਨੂੰ ਆਪਣੇ ਸਰੀਰ ਤੇ ਝੱਲਦੇ ਹਨ।

ਤਥਾ: ਹਿੰਦੂ ਕੈ ਘਰਿ ਹਿੰਦੂ ਆਵੈ। ਸੂਤੁ ਜਨੇਊ ਪੜਿ ਗਲਿ ਪਾਵੈ॥

ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨਾ ਪਾਈ॥

ਮ: ੧॥ (ਪੰਨਾ ੯੫੧)

ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

# ਕੇਵਲ ਦਾਨ ਦੇ ਆਸਰੇ ਕਿਵੇਂ ਚੱਲਣਗੇ ਸਰਕਾਰੀ ਸਕੂਲ

-ਜੀ ਐਸ ਗੁਰਦਿੱਤ

ਜਦੋਂ ਤੋਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੀ ਹੈ, ਸੂਬੇ ਦਾ ਖਜ਼ਾਨਾ ਭਰਨ ਵਿੱਚ ਨਹੀਂ ਆ ਰਿਹਾ ਤੇ ਖਜ਼ਾਨਾ ਮੰਤਰੀ ਤਕਰੀਬਨ ਗਾਇਬ ਰਹਿੰਦੇ ਹਨ। ਪਰ ਸੂਬੇ ਵਿੱਚ ਵਿਕਾਸ ਦੇ ਕੰਮ ਬੁਰੀ ਤਰ੍ਹਾਂ ਰੁਕੇ ਹੋਏ ਹਨ। ਪੇਂਡੂ ਅਤੇ ਸ਼ਹਿਰੀ ਸੜਕਾਂ ਦੇ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ। ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਵੀ ਕੁਝ ਮਾਮਲਿਆਂ ਵਿੱਚ ਬੇਵੱਸ ਹੀ ਜਾਪਦੇ ਹਨ ਕਿਉਂਕਿ 'ਉਚੇ ਮਹਿਲਾਂ' ਵਿੱਚ ਉਨ੍ਹਾਂ ਦੀ ਕੋਈ ਖਾਸ ਸੁਣਵਾਈ ਨਹੀਂ ਜਾਪਦੀ, ਪਰ ਸਰਕਾਰੀ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਨੂੰ ਤਾਂ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ ਹੈ। ਰੋਜ਼ ਨਵੀਆਂ ਤੋਂ ਨਵੀਆਂ ਹਦਾਇਤਾਂ ਤਾਂ ਆਉਂਦੀਆਂ ਹਨ, ਪਰ ਜ਼ਰੂਰੀ ਸਹੂਲਤਾਂ ਤਕਰੀਬਨ ਖੋਹੀਆਂ ਜਾ ਰਹੀਆਂ ਹਨ।

ਹਾਲਾਤ ਇਹ ਹਨ ਕਿ ਸਰਦੀ ਲੰਘ ਚੱਲੀ ਹੈ, ਪਰ ਬੱਚਿਆਂ ਦੇ ਗਰਮ ਕੱਪੜੇ ਅਜੇ ਤੱਕ ਦਫਤਰੀ ਫਾਈਲਾਂ ਵਿੱਚ ਰੁਲਦੇ ਫਿਰਦੇ ਹਨ। ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਜਿਹੜੀ ਵਰਦੀ ਅਪ੍ਰੈਲ ਜਾਂ ਮਈ 2018 ਤੱਕ ਮਿਲਣੀ ਚਾਹੀਦੀ ਸੀ, ਉਹ ਜਨਵਰੀ 2019 ਤੱਕ ਨਹੀਂ ਮਿਲ ਸਕੀ। ਦੇਰੀ ਦਾ ਸਰਕਾਰ ਵੱਲੋਂ ਦੱਸਿਆ ਜਾਂਦਾ ਕਾਰਨ ਹੋਰ ਹਾਸੋਹੀਣਾ ਹੈ। ਜਦੋਂ ਤੱਕ ਵਰਦੀ ਵਾਸਤੇ ਕੇਵਲ 400 ਰੁਪਏ ਪ੍ਰਤੀ ਬੱਚਾ ਦਿੱਤੇ ਜਾਂਦੇ ਸਨ, ਉਦੋਂ ਤੱਕ ਤਾਂ ਵਰਦੀਆਂ ਖਰੀਦਣ ਦਾ ਕੰਮ ਸਕੂਲ ਮੁਖੀ ਤੇ ਸਕੂਲ ਪ੍ਰਬੰਧਕ ਕਮੇਟੀਆਂ ਕਰਦੀਆਂ ਰਹੀਆਂ, ਪਰ ਅੱਜ ਜਦੋਂ ਰਕਮ ਵਧਾ ਕੇ 600 ਰੁਪਏ ਕੀਤੀ ਗਈ ਤਾਂ ਇਹੀ ਕੰਮ ਪੂਰੇ ਪੰਜਾਬ ਦੇ ਸਾਂਝੇ ਟੈਂਡਰ ਰਾਹੀਂ ਕਰਨ ਦਾ ਸੁਨੇਹਾ ਆ ਗਿਆ। ਇਸ ਦਾ ਕਾਰਨ ਇਹ ਦੱਸਿਆ ਗਿਆ ਕਿ ਸਰਕਾਰ ਨੂੰ ਪ੍ਰਬੰਧਕੀ ਕਮੇਟੀਆਂ ਦੀ ਇਮਾਨਦਾਰੀ ਸ਼ੱਕੀ ਜਾਪਦੀ ਹੈ। ਇਸ ਦਾ ਮਤਲਬ ਹੋਇਆ ਕਿ ਅਧਿਆਪਕਾਂ ਅਤੇ ਮਾਪਿਆਂ ਦੀਆਂ ਸਾਂਝੀਆਂ ਪ੍ਰਬੰਧਕੀ ਕਮੇਟੀਆਂ ਤਾਂ ਇਮਾਨਦਾਰ ਨਹੀਂ ਹਨ, ਪਰ ਸਾਂਝਾ ਟੈਂਡਰ ਕਰਾਉਣ ਵਾਲੇ ਸਾਡੇ ਮੰਤਰੀ ਅਤੇ ਅਫਸਰਸ਼ਾਹੀ ਇਮਾਨਦਾਰੀ ਦੇ ਪੁੰਜ ਹੋਣਗੇ।

ਸਕੂਲਾਂ ਨੂੰ ਰੱਖ ਰਖਾਓ (ਮੇਨਟੀਨੈਂਸ) ਦੀ ਗਰਾਂਟ ਅਤੇ ਇਕ ਹੋਰ 'ਸਕੂਲ ਗਰਾਂਟ' ਨਾਮ ਦੀ ਗਰਾਂਟ ਤਾਂ ਹਰ ਸਾਲ ਮਿਲਦੀਆਂ ਸਨ। ਦੋਵੇਂ ਗਰਾਂਟਾਂ ਮਿਲਾ ਕੇ ਕੋਈ 15-20 ਹਜ਼ਾਰ ਰਕਮ ਬਣ ਜਾਂਦੀ ਸੀ। ਵੱਧ ਗਿਣਤੀ ਵਾਲੇ ਵੱਡੇ ਸਕੂਲਾਂ ਲਈ ਇਹ ਰਕਮ ਪਹਿਲਾਂ ਹੀ ਬਹੁਤ ਥੋੜ੍ਹੀ ਸੀ ਤੇ ਇਸ ਨੂੰ ਵਧਾਉਣ ਦੀ ਲੋੜ ਸੀ, ਕਿਉਂਕਿ ਸਾਰੇ ਸਾਲ ਵਿੱਚ ਮੁਰੰਮਤ ਦੇ ਬਹੁਤ ਸਾਰੇ ਕੰਮ ਬਣ ਜਾਂਦੇ ਹਨ, ਜਿਨ੍ਹਾਂ ਉਤੇ ਪੈਸਾ ਲੱਗਣਾ ਹੁੰਦਾ ਹੈ ਪਰ ਕਾਂਗਰਸ ਦੀ ਸਰਕਾਰ ਆਉਣ ਉਤੇ ਇਹ ਗਰਾਂਟਾਂ ਵਧਾਉਣ ਦੀ ਥਾਂ ਬਿਲਕੁਲ ਖਤਮ ਕਰ ਦਿੱਤੀਆਂ ਗਈਆਂ। ਪਿਛਲੇ ਸਾਲ ਦੋਵੇਂ ਗਰਾਂਟਾਂ ਬਿਲਕੁਲ ਨਹੀਂ ਆਈਆਂ ਅਤੇ ਇਸ ਸਾਲ ਵੀ ਕੋਈ ਉਮੀਦ ਨਹੀਂ, ਕਿਉਂਕਿ ਸੈਸ਼ਨ ਤਾਂ ਖਤਮ ਹੋਣ ਕਿਨ-ਾਰੇ ਹੈ।

ਸੋਚਣ ਦੀ ਲੋੜ ਹੈ ਕਿ ਸਾਰੇ ਸਾਲ ਦੀ ਟੁੱਟ ਭੱਜ, ਬਿਜਲੀ ਉਪਕਰਨਾਂ ਦੀ ਮੁਰੰਮਤ, ਕੰਧਾਂ ਕੌਲਿਆਂ ਤੇ ਫਰਸ਼ਾਂ ਦੀ ਮੁਰੰਮਤ, ਡੈਸਕਾਂ ਦੀ ਮੁਰੰਮਤ, ਮੇਜ਼ ਕੁਰਸੀਆਂ ਜਾਂ ਟਾਟ ਪੱਟੀ ਖਰੀਦਣ ਲਈ ਪੈਸਾ ਕਿੱਥੋਂ ਖਰਚਿਆ ਜਾਵੇ? ਸਕੂਲਾਂ ਦੇ ਬਿਜਲੀ ਦੇ ਬਿੱਲਾਂ ਵਾਸਤੇ ਦਫਤਰੀ ਬਜਟ ਅਕਸਰ ਕੰਗਾਲੀ ਦਾ ਸ਼ਿਕਾਰ ਰਹਿੰਦਾ ਹੈ। ਇਸ ਕਾਰਨ ਜਾਂ ਤਾਂ ਅਧਿਆਪਕ ਆਪਣੀ ਜੇਬ ਵਿੱਚੋਂ ਬਿੱਲ ਭਰਨ ਲਈ ਮਜਬੂਰ ਹੁੰਦੇ ਹਨ ਅਤੇ ਜਾਂ ਸਕੂਲਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਦੁਪਹਿਰ ਦਾ ਭੋਜਨ ਪਕਾਉਣ ਦਾ ਖਰਚਾ ਕਈ-ਕਈ ਮਹੀਨੇ ਰੁਕਿਆ ਰਹਿੰਦਾ ਹੈ ਅਤੇ ਬਹੁਤੇ ਸਕੂਲਾਂ ਵਿੱਚ ਇਹ ਰਕਮ ਮਨਫੀ ਰਹਿੰਦੀ ਹੈ। ਹੋਰ ਤਾਂ ਹੋਰ ਕੁਝ ਜ਼ਿਲਿਆਂ ਵਿੱਚ ਤਾਂ ਹਾਲਾਤ ਇਹ ਹਨ ਕਿ ਦੁਪਹਿਰ ਦੇ ਭੋਜਨ ਵਾਸਤੇ ਅਨਾਜ ਭੇਜਣ ਵਿੱਚ ਵੀ ਬੇਮਤਲਬ ਦੇਰੀ ਕੀਤੀ ਜਾਂਦੀ ਹੈ ਜਦੋਂ ਕਿ ਅਨਾਜ ਦੀ ਕਿਤੇ ਕੋਈ ਕਮੀ ਹੈ ਹੀ ਨਹੀਂ ਅਤੇ ਇਹ ਗੋਦਾਮਾਂ ਵਿੱਚ ਪਿਆ ਸੜਦਾ ਰਹਿੰਦਾ ਹੈ।

ਅੱਜ ਕੱਲ੍ਹ ਸਰਕਾਰੀ ਸਕੂਲਾਂ ਨੂੰ ਹੋਰ ਕੁਝ ਮਿਲੇ ਨਾ ਮਿਲੇ ਪਰ ਹਦਾਇਤਾਂ ਦਾ ਤਾਂ ਹਰ ਰੋਜ਼ ਮੀਂਹ ਵਰ੍ਹਦਾ ਰਹਿੰਦਾ ਹੈ। ਫਲਾਣੀ ਮੀਟਿੰਗ ਕੀਤੀ ਜਾਵੇ, ਫਲਾਣਾ ਸਮਾਗਮ ਕੀਤਾ ਜਾਵੇ, ਫਲਾਣੀ ਚੀਜ਼ ਖਰੀਦਣੀ ਅਤਿ ਜ਼ਰੂਰੀ ਹੈ, ਫਲਾਣੇ ਕੰਮ ਲਈ ਕਮਰਾ ਸਜਾਇਆ ਜਾਵੇ, ਫਲਾਣੀ ਤਰ੍ਹਾਂ ਦਾ ਰੰਗ ਰੋਗਨ ਕਰਵ-ਾਇਆ ਜਾਵੇ ਆਦਿ ਹਰ ਰੋਜ਼ ਹੀ ਚੰਡੀਗੜ੍ਹ ਤੋਂ ਚਿੱਠੀਆਂ ਨਿਕਲਦੀਆਂ ਹਨ। ਉਪਰੋਕਤ ਸਾਰੇ ਕੰਮਾਂ ਉਤੇ ਹੋਣ ਵਾਲੇ ਖਰਚ ਬਾਰੇ ਜਾਂ ਚੁੱਪ ਧਾਰੀ ਜਾਂਦੀ ਜਾਂ ਅਖੀਰ ਵਿੱਚ ਲਿਖਿਆ ਹੁੰਦਾ ਹੈ- ਇਸ ਦੇ ਲਈ ਦਾਨੀ ਸੱਜਣਾਂ ਦੀ ਮਦਦ ਲਈ ਜਾਵੇ। ਜੇ ਹਰ ਕੰਮ ਕਰਨ ਲਈ ਦਾਨੀ ਲੱਭਣੇ ਹਨ ਤਾਂ ਸਰਕਾਰ ਨੂੰ ਟੈਕਸ ਕਿਹੜੇ ਕੰਮਾਂ ਲਈ ਦਿੱਤਾ ਜਾਂਦਾ ਹੈ? ਅਧਿਆਪਕ ਆਪਣਾ ਧਿਆਨ ਪੜ੍ਹਾਈ ਕਰਾਉਣ ਵੱਲ ਲਗਾਉਣ ਜਾਂ ਦਾਨੀਆਂ ਦੀ ਭਾਲ ਵਿੱਚ ਲਾਉਣ? ਉਂਜ ਵੀ ਦਾਨੀ ਆਮ ਕਰਕੇ ਪਰਵਾਸੀ ਭਾਰਤੀ ਹੁੰਦੇ ਹਨ। ਸਰਹੱਦੀ ਇਲਾਕਿਆਂ ਵਿੱਚ ਇੰਨੇ ਪਛੜੇ ਹੋਏ ਪਿੰਡ ਹਨ, ਜਿਨ੍ਹਾਂ ਵਿੱਚ ਨਾ ਕੋਈ ਸਰਕਾਰੀ ਮੁਲਾਜ਼ਮ ਮਿਲਦਾ ਹੈ ਅਤੇ ਨਾ ਪਰਵਾਸੀ ਭਾਰਤੀ। ਬੱਚਿਆਂ ਦੇ ਮਾਪੇ ਤਾਂ ਉਂਜ ਹੀ ਦਿਹਾੜੀਦਾਰ ਮਜ਼ਦੂਰ ਹੁੰਦੇ ਹਨ। ਫਿਰ ਉਨ੍ਹਾਂ ਪਿੰਡਾਂ ਦੇ ਸਕੂਲਾਂ ਦੇ ਅਧਿਆਪਕ ਦਾਨੀਆਂ ਨੂੰ ਕਿੱਥੋਂ ਲੱਭਦੇ ਫਿਰਨ? ਪਰ ਮਚਲੀ ਹੋਈ ਅਫਸਰਸ਼ਾਹੀ ਦਾ ਇਹੀ ਜਵਾਬ ਹੁੰਦਾ ਹੈ ਕਿ ਜੇ ਫਲਾਣੇ ਅਧਿਆਪਕ ਨੇ ਦਾਨ ਦਾ ਪ੍ਰਬੰਧ ਕਰ ਲਿਆ ਤਾਂ ਬਾਕੀ ਕਿਉਂ ਨਹੀਂ ਕਰ ਸਕਦੇ?

ਸਕੂਲਾਂ ਨੂੰ ਸੋਹਣੇ ਬਣਾ ਲੈਣਾ ਹੀ ਕਾਫੀ ਨਹੀਂ ਹੁੰਦਾ ਬਲਕਿ ਸੋਹਣੇ ਬਣਾਈ ਰੱਖਣਾ ਵੱਡੀ ਚੁਣੌਤੀ ਹੈ, ਪਰ ਜਿਹੜੇ ਅਧਿਆਪਕਾਂ ਨੇ ਅਜਿਹੇ ਉਦਮ ਕੀਤੇ ਹਨ, ਉਨ੍ਹਾਂ ਨੂੰ ਆਪਣੇ ਸਕੂਲਾਂ ਨੂੰ ਸੋਹਣੇ ਬਣਾਈ ਰੱਖਣ ਲਈ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ, ਉਲਟਾ ਨਵੇਂ ਤੋਂ ਨਵਾਂ ਭਾਰ ਪਾ ਦਿੱਤਾ ਜਾਂਦਾ ਹੈ। ਵੱਡੀ ਗਿਣਤੀ ਵਿੱਚ ਟੀਚਰਾਂ ਨੂੰ ਚੰਡੀਗੜ੍ਹ ਸੱਦਿਆ ਜਾਂਦਾ ਹੈ ਕਿ ਸਕੂਲਾਂ ਨੂੰ ਸਮਾਰਟ ਬਣਾਉਣ ਬਾਰੇ ਵਰਕਸ਼ਾਪ ਲੱਗਣੀ ਹੈ, ਪਰ ਉਥੇ ਉਨ੍ਹਾਂ ਨੂੰ ਦਾਨ ਮੰਗ ਕੇ ਸਕੂਲ ਸਜਾਉਣ ਦੇ ਉਪਦੇਸ਼ ਦੇ ਕੇ ਵਾਪਸ ਮੋੜ ਦਿੱਤਾ ਜਾਂਦਾ ਹੈ। ਜੇ ਕਿਸੇ ਅਧਿਆਪਕ ਨੇ ਦਾਨ ਦੇ ਸਹਾਰੇ ਆਪਣਾ ਸਕੂਲ ਸੋਹਣਾ ਬਣਾਇਆ ਹੈ ਤਾਂ ਉਸ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹੋਰ ਦਾਨ ਇਕੱਠਾ ਕਰਕੇ ਪੰਜ ਹੋਰ ਸਕੂਲਾਂ ਨੂੰ ਸੋਹਣਾ ਬਣਾਇਆ ਜਾਵੇ। ਜੇ ਕੋਈ ਅਧਿਆਪਕ ਆਪਣੇ ਸਕੂਲ ਲਈ ਲਾਇਬ੍ਰੇਰੀ ਜਾਂ ਪ੍ਰੋਜੈਕਟਰ ਕਮਰੇ ਦੀ ਮੰਗ ਕਰੇ ਤਾਂ ਉਸ ਨੂੰ ਦਾਨ ਦਾ ਰਸਤਾ ਹੀ ਦਿਖਾ ਦਿੱਤਾ ਜਾਂਦਾ ਹੈ। ਜੇ ਕੋਈ ਸਕੂਲ ਦੀ ਚਾਰ ਦੀਵਾਰੀ ਦੀ ਮੰਗ ਕਰ ਲਵੇ ਤਾਂ ਪੰਚਾਇਤ ਦੀ ਸਹਾਇਤਾ ਲੈਣ ਨੂੰ ਕਹਿ ਦਿੱਤਾ ਜਾਂਦਾ ਹੈ, ਜਿਵੇਂ ਪੰਚਾਇਤਾਂ ਨੂੰ ਤਾਂ ਪਤਾ ਨਹੀਂ ਕਿੰਨੇ ਕੁ ਕਰੋੜਾਂ ਦੇ ਫੰਡ ਜਾਰੀ ਕੀਤੇ ਹੋਏ ਹੋਣ। ਜੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਮ ਉਤੇ ਉਨ੍ਹਾਂ ਦੀਆਂ ਤਨਖਾਹਾਂ ਘਟਾਉਣਾ ਸਰਕਾਰੀ ਨਾਕਾਮੀ ਹੈ ਤਾਂ ਸਕੂਲਾਂ ਨੂੰ ਕੇਵਲ ਤੇ ਕੇਵਲ ਦਾਨ ਆਸਰੇ ਹੀ ਛੱਡ ਦੇਣਾ ਵੀ ਅਜਿਹੀ ਰਵਾਇਤ ਬਣ ਰਹੀ ਹੈ ਜਿਹੜੀ ਆਉਣ ਵਾਲੇ ਸਮੇਂ ਵਿੱਚ ਘਾਤਕ ਸਾਬਤ ਹੋਏਗੀ। ਹੋ ਸਕਦਾ ਹੈ ਕਿ ਇਸ ਨਾਲ ਕੁਝ ਗਿਣਵੇਂ ਚੁਣਵੇਂ ਸਕੂਲ ਤਾਂ ਵਕਤੀ ਤੌਰ ਉਤੇ ਚਮਕ ਜਾਣ ਪਰ ਲੰਬੇ ਸਮੇਂ ਵਿੱਚ ਇਹ ਗੱਲ ਸਰਕਾਰੀ ਸਕੂਲਾਂ ਲਈ ਘਾਤਕ ਹੀ ਸਾਬਤ ਹੋਏਗੀ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਸਿਰਫ ਦਾਨ ਉਤੋਂ ਟੇਕ ਛੱਡ ਕੇ ਖੁਦ ਵੀ ਸਕੂਲਾਂ ਉਤੇ ਪੈਸਾ ਖਰਚੇ ਅਤੇ ਉਨ੍ਹਾਂ ਨੂੰ ਉਚ ਦਰਜੇ ਦੇ ਪਬਲਿਕ ਸਕੂਲਾਂ ਦੇ ਮੁਕਾਬਲੇ ਖੜੇ ਕਰੇ। ਇਸ ਦੇ ਵਾਸਤੇ ਸੂਬਾਈ ਬਜਟ ਵਿੱਚ ਸਿੱਖਿਆ ਨੂੰ ਤਰਜੀਹ ਦੇਣ ਦੀ ਲੋੜ ਹੈ। ਸਰਕਾਰ ਸਿਰਫ ਅਧਿਆਪਕਾਂ ਦੀਆਂ ਤਨਖਾਹਾਂ ਦੇ ਖਰਚੇ ਵਖਾ ਕੇ ਹੀ ਆਪਣੇ ਸਿੱਖਿਆ ਬਜਟ ਨੂੰ ਵੱਡਾ ਵਿਖਾਉਣ ਦੀ ਹੋੜ ਵਿੱਚ ਹੈ, ਪਰ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਨੂੰ ਬਿਲਕੁਲ ਹੀ ਵਿਸਾਰ ਦਿੱਤਾ ਗਿਆ ਹੈ।

## ਹਲਕਾ ਫੁਲਕਾ

ਕੁੜੀ, ''ਮੈਂ ਤੇਰੇ ਲਈ ਅੱਗ 'ਤੇ ਤੁਰ ਸਕਦੀ ਹਾਂ, ਨਦੀ ਵਿੱਚ ਛਾਲ ਮਾਰ ਸਕਦੀ ਹਾਂ।''
ਮੁੰਡਾ, ''ਲਵ ਯੂ ਜਾਨੂੰ, ਕੀ ਤੂੰ ਮੈਨੂੰ ਹੁਣੇ ਮਿਲਣ ਆ ਸਕਦੀ ਏਂ?''
ਕੁੜੀ, ''ਪਾਗਲ ਹੋ ਗਿਆ ਏਂ? ਇੰਨੀ ਧੁੱਪ ਵਿੱਚ?''

*********

ਸ਼ਰਾਬੀ ਦਰਵਾਜ਼ਾ ਖੜਕਾਉਂਦਾ ਹੈ। ਉਸ ਦੀ ਪਤਨੀ ਦਰਵਾਜ਼ਾ ਖੋਲ੍ਹਦੀ ਹੈ।
ਸ਼ਰਾਬੀ, ''ਕੌਣ ਏਂ ਤੂੰ?''
ਪਤਨੀ, ''ਮੈਨੂੰ ਭੁੱਲ ਗਏ?''
ਸ਼ਰਾਬੀ, ''ਨਸ਼ਾ ਹਰ ਗ਼ਮ ਭੁਲਾ ਦਿੰਦਾ ਹੈ ਭੈਣੇ।''

*********

ਅਧਿਆਪਕ, ''ਤੂੰ ਕਦੇ ਕੋਈ ਨੇਕ ਕੰਮ ਕੀਤਾ ਹੈ?''
ਸ਼ਰਾਰਤੀ ਵਿਦਿਆਰਥੀ, ''ਹਾਂ ਸਰ, ਇੱਕ ਬਜ਼ੁਰਗ ਹੌਲੀ ਹੌਲੀ ਆਪਣੇ ਘਰ ਜਾ ਰਿਹਾ ਸੀ, ਮੈਂ ਪਿੱਛੇ ਕੁੱਤਾ ਲਾ ਦਿੱਤਾ। ਫਿਰ ਉਹ ਜਲਦੀ ਘਰ ਪਹੁੰਚ ਗਏ।''

*********

ਰੀਨਾ, ''ਤੂੰ ਇੰਨੇ ਬਜ਼ੁਰਗ ਆਦਮੀ ਨਾਲ ਵਿਆਹ ਕਿਉਂ ਕਰਵਾਇਆ?''
ਸੁਨੀਤਾ, ''ਇੱਕ ਤਾਂ ਇਨ੍ਹਾਂ ਦੀ ਇਨਕਮ, ਦੂਜਾ ਇਨ੍ਹਾਂ ਦੇ ਦਿਨ ਕਮ (ਘੱਟ)।''

*********


ਅਧਿਆਪਕ, ''ਚਾਰ ਤੇ ਚਾਰ ਕਿੰਨੇ ਹੁੰਦੇ ਹਨ?''
ਬੰਟੀ, ''ਸਰ, 10 ਹੁੰਦੇ ਹਨ।''
ਅਧਿਆਪਕ, ''10 ਕਿਵੇਂ? ਅੱਠ ਹੁੰਦੇ ਹਨ।''
ਬੰਟੀ, ''ਅਸੀਂ ਖਾਨਦਾਨੀ ਦਿਲਦਾਰ ਹਾਂ, ਦੋ ਆਪਣੇ ਵੱਲੋਂ ਜੋੜ ਦਿੱਤੇ।''

## ਰਸੋਈ: ਗਰਮਾ ਗਰਮ ਮੈਗੀ ਸਮੋਸਾ

ਸਮੱਗਰੀ-ਮੈਗੀ ਨੂਡਲਜ਼ ਡੇਢ ਕੱਪ, ਮੈਦਾ ਦੋ ਕੱਪ, ਅਜਵਾਇਣ ਇੱਕ ਚਮਚ, ਰਿਫਾਈਂਡ ਤੇਲ ਇੱਕ ਕੱਪ, ਪਾਣੀ ਲੋੜ ਅਨੁਸਾਰ, ਲੂਣ ਇੱਕ ਚਮਚ।

ਵਿਧੀ-ਸਭ ਤੋਂ ਪਹਿਲਾਂ ਇੱਕ ਵੱਡੇ ਭਾਂਡੇ ਵਿੱਚ ਮੈਦਾ, ਲਣ ਤੇ ਅਜਵਾਇਣ ਨੂੰ ਰਲਾ ਲਓ ਅਤੇ ਉਤੇ ਥੋੜ੍ਹਾ ਜਿਹਾ ਪਾਣੀ ਛਿੜਕ ਕੇ ਆਟਾ ਗੁੰਨ੍ਹ ਲਓ। ਤਿਆਰ ਆਟੇ ਨੂੰ ਕੁਝ ਦੇਰ ਲਈ ਢਕ ਕੇ ਵੱਖ ਰੱਖ ਦਿਓ। ਹੁਣ ਇੱਕ ਵੱਖਰੇ ਭਾਂਡੇ ਵਿੱਚ ਮੈਗੀ ਨੂਲਡਜ਼ ਨੂੰ ਪਕਾ ਲਓ। ਜਦੋਂ ਮੈਗੀ ਪਕ ਜਾਵੇ ਤਾਂ ਉਸ ਨੂੰ ਇੱਕ ਬਾਊਲ ਵਿੱਚ ਕੱਢ ਕੇ ਠੰਢਾ ਹੋਣ ਲਈ ਰੱਖ ਦਿਓ। ਹੁਣ ਇੱਕ ਵੱਡੀ ਕੜਾਹੀ ਲਓ ਤੇ ਉਸ ਵਿੱਚ ਤੇਲ ਪਾ ਕੇ ਹਲਕੀ ਗੈਸ ਉਤੇ ਤੇਲ ਨੂੰ ਗਰਮ ਹੋਣ ਦਿਓ। ਗੁੰਨ੍ਹੇ ਹੋਏ ਆਟੇ ਨੂੰ ਛੋਟੇ-ਛੋਟੇ ਗੋਲੇ ਬਣਾ ਕੇ ਪੂੜੀ ਵਾਂਗ ਪਤਲਾ ਗੋਲ ਵੇਲ ਲਓ। ਇਸ ਵਿੱਚੋਂ ਕੱਟ ਦਿਓ ਅਤੇ ਕੋਣ ਬਣਾ ਕੇ ਪਾਣੀ ਦੀਆਂ ਕੁਝ ਬੂੰਦਾਂ ਦਾ ਇਸਤੇਮਾਲ ਕਰ ਕੇ ਕਿਨਾਰਿਆਂ ਨੂੰ ਬੰਦ ਕਰ ਦਿਓ। ਇਸ ਕੋਣ ਵਿੱਚ ਤਿਆਰ ਮੈਗੀ ਨੂਲਡਜ਼ ਨੂੰ ਭਰੋ ਅਤੇ ਇਸ ਦਾ ਮੂੰਹ ਬੰਦ ਕਰ ਕੇ ਸਮੋਸੇ ਦਾ ਆਕਾਰ ਦਿਓ। ਬਾਕੀ ਦੇ ਆਟੇ ਨਾਲ ਵੀ ਇਸੇ ਤਰ੍ਹਾਂ ਸਮੋਸੇ ਬਣਾ ਲਓ। ਜਦੋਂ ਸਮੋਸੇ ਭਰ ਕੇ ਤਿਆਰ ਹੋ ਜਾਣ ਤਾਂ ਇਸ ਨੂੰ ਕੜਾਹੀ ਵਿੱਚ ਪਾਓ ਅਤੇ ਫਰਾਈ ਕਰੋ। ਜਦੋਂ ਸਮੋਸੇ ਸੁਨਹਿਰੇ ਭੂਰੇ ਰੰਗ ਦੇ ਹੋ ਜਾਣ ਤਾਂ ਇਨ੍ਹਾਂ ਨੂੰ ਤੇਲ ਵਿੱਚੋਂ ਬਾਹਰ ਟਿਸ਼ੂ ਪੇਪਰ 'ਤੇ ਕੱਢੋ ਤਾਂ ਕਿ ਬਾਕੀ ਤੇਲ ਨਿਕਲ ਜਾਵੇ। ਤਿਆਰ ਸਮੋਸੇ ਨੰ ਚਟਣੀ ਨਾਲ ਗਰਮਾ ਗਰਮਾ ਪਰੋਸੋ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ‘ਵਿਸ਼ਵ ਮਾਂ-ਬੋਲੀ ਦਿਵਸ' ਬਨਾਮ ਪੰਜਾਬੀ ਮਾਂ-ਬੋਲੀ

ਡਾ. ਹੀਰਾ ਰੰਧਾਵਾ







ਮਾਂ ਇਸ ਧਰਤੀ ਦਾ ਸਭ ਤੋਂ ਪਵਿੱਤਰ ਲਫ਼ਜ਼ ਹੈ ਸ਼ਾਇਦ! ਤੇ ਮਾਂ ਤੋਂ ਸਿੱਖੀ ਹੋਈ ਬੋਲੀ ਹੀ ਮਾਂ ਬੋਲੀ ਕਹਾਉਂਦੀ ਹੈ। ਕਹਿੰਦੇ ਨੇ ਕਿਸੇ ਨੂੰ ਜੇ ਦੁਨੀਆਂ ਦੀ ਸਭ ਤੋਂ ਭੈੜੀ ਗਾਲ ਕੱਢਣੀ ਹੋਵੇ ਤਾਂ ਇਹ ਹੈ ਕਿ 'ਰੱਬ ਕਰੇ ਤੈਨੂੰ ਤੇਰੀ ਮਾਂ-ਬੋਲੀ ਭੁੱਲ ਜਾਵੇ' ਅਤੇ ਅਸੀਸ ਦੇਣੀ ਹੋਵੇ ਤਾਂ 'ਰੱਬ ਕਰੇ ਤੇਰੀ ਉਮਰ ਲੋਕ ਗੀਤ ਜਿੰਨੀ ਲੰਮੀ ਹੋਵੇ'। ਇੰਨਾਂ ਪਵਿੱਤਰ ਰੁਤਬਾ ਹੈ ਮਾਂ-ਬੋਲੀ ਦਾ ਤੇ ਮਾਂ-ਬੋਲੀ ਵਿਚਲੇ ਲੋਕ-ਗੀਤਾਂ ਦਾ। ਪੰਜਾਬੀ ਮਾਂ-ਬੋਲੀ ਦੀ ਰੌਲੀ ਵੀ ਬਹੁਤ ਲੋਕੀ ਪਾਉਂਦੇ ਹਨ ਪਰ ਇਸ ਦੀ ਲਈ ਸੁਹਿਰਦਤਾ ਨਾਲ ਯਤਨ ਬਹੁਤ ਘੱਟ ਕਰਦੇ ਹਨ। ਲੱਗਭੱਗ 23-24 ਵਰ੍ਹਿਆਂ ਤੋਂ 21 ਫਰਵਰੀ ਦਾ ਦਿਨ, ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਦਿਵਸ ਬਣ ਚੁੱਕਾ ਹੈ। 21 ਫਰਵਰੀ ਵਾਲੇ ਦਿਨ ਨੂੰ ਯੂਨਾਈਟਿਡ ਨੇਸ਼ਨਜ਼ ਦੀ ਸੰਸਥਾ ਯੂਨੈਸਕੋ ਨੇ 17 ਨਵੰਬਰ, 1989 ਵਿੱਚ ਇੱਕ ਮਤਾ ਪਾਸ ਕਰਕੇ 'ਕੌਮਾਂਤਰੀ ਮਾਂ-ਬੋਲੀ ਦਿਵਸ' ਵਜੋਂ ਐਲਾਨਿਆ ਸੀ। ਇਸ ਮਤੇ ਸੰਬੰਧੀ ਮੁੱਢਲਾ ਯਤਨ ਤੇ ਉਦਮ ਕੈਨੇਡਾ ਦੀ 'ਮਦਰ ਲੈਂਗੂਏਜਿਸ ਲਵਰ' ਸੰਸਥਾ ਵੱਲੋਂ ਕੀਤਾ ਗਿਆ ਸੀ ਪਰ ਯੂਨੈਸਕੋ ਸਾਹਮਣੇ ਇਹ ਮਤਾ ਬੰਗਲਾਦੇਸ਼ ਦੇ ਨੁਮਾਇੰਦੇ ਨੇ 28 ਹੋਰ ਦੇਸ਼ਾਂ ਦੀ ਹਮਾਇਤ ਨਾਲ ਲਿਆਂਦਾ ਸੀ। ਪਰ ਬੰਗਲਾ ਦੇਸ਼ ਦੀ ਇਸ ਵਿੱਚ ਕੀ ਦਿਲਚਸਪੀ ਸੀ ਤੇ ਉਹਨਾਂ ਨੇ 21 ਫਰਵਰੀ ਦਾ ਦਿਨ 'ਕੌਮਾਂਤਰੀ ਮਾਂ-ਬੋਲੀ ਦਿਵਸ' ਵਜੋਂ ਤਜ਼ਵੀਜ਼ ਕਰਨ ਪਿਛੇ ਵੀ ਕੁਝ ਕਾਰਣ ਹਨ: ਬਰਤਾਨੀਆਂ ਹਕੂਮਤ ਸਮੇਂ ਭਾਰਤ ਵਿਚਲੀਆਂ ਇਲਾਕਾਈ ਭਾਸ਼ਾਵਾਂ-ਬੋਲੀਆਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਗਿਆ। ਇਹ ਹੀ ਕਾਰਣ ਸੀ ਕਿ ਇੰਡੀਅਨ ਨੈਸ਼ਨਲ ਕਾਂਗਰਸ ਨੇ 1930ਵਿਆਂ 'ਚ ਪਾਸ ਕੀਤੇ ਇੱਕ ਮਤੇ ਵਿੱਚ ਇਹ ਵਾਅਦਾ ਕੀਤਾ ਸੀ ਕਿ ਦੇਸ਼ ਅਜ਼ਾਦ ਹੋਣ ਤੋਂ ਬਾਅਦ, ਭਾਸ਼ਾ ਦੇ ਅਧਾਰ ਤੇ ਸੂਬਿਆਂ ਦਾ ਪੁਨਰਗਠਨ ਕੀਤਾ ਜਾਵੇਗਾ। ਪਰ ਇਸ ਲਈ ਵੀ ਮੋਰਚਾ ਲਾਉਣਾ ਪਿਆ। ਬੰਗਲਾਦੇਸ਼ੀ ਬੰਗਾਲੀਆਂ ਨੂੰ ਵੀ ਮਾਂ ਬੋਲੀ ਬੰਗਲਾ ਲਈ ਬਹੁਤ ਕੁਰਬਾਨੀਆਂ ਕਰਨੀਆਂ ਪਈਆਂ। ਉਹਨਾਂ ਦੇ ਪਾਕਿਸਤਾਨ ਵਿੱਚ ਰਾਸ਼ਟਰੀ ਬੋਲੀ ਉਰਦੂ ਐਲਾਨਣ ਵਿਰੁਧ ਬੜੇ ਹੀ ਰੋਸ ਵਿਖਾਵੇ ਹੋਏ ਕਿ ਉਹਨਾਂ ਨੂੰ ਵੰਡ ਮਗਰੋਂ ਆਪਣੀ ਕਿਸਮਤ ਪਾਕਿਸਤਾਨ ਨਾਲ ਜੋੜਨੀ ਪਈ ਸੀ ਪਰ ਮਾਂ-ਬੋਲੀ ਉਹਨਾਂ ਦੀ ਬੰਗਲਾ ਸੀ ਜਿਸ ਕਰਕੇ ਕਿਸੇ ਹੋਰ ਭਾਸ਼ਾ ਨੂੰ ਅਪਨਾਉਣਾ ਉਹਨਾਂ ਲਈ ਬੜਾ ਕਠਿਨ ਸੀ। 21ਫਰਵਰੀ, 1952 ਨੂੰ ਇਸ ਕਿਸਮ ਦੇ ਇੱਕ ਰੋਸ ਵਿਖਾਵੇ ਉਪਰ ਪੁਲੀਸ ਨੇ ਗੋਲੀ ਚਲਾਈ ਜਿਸ ਵਿੱਚ ਦਰਜਨਾਂ ਲੋਕ ਮਾਰੇ ਗਏ। ਇਸ ਜਬਰ ਮਗਰੋਂ ਇਹ ਦਿਨ ਬੰਗਾਲੀਆਂ ਦੀ ਮਾਨਸਿਕਤਾ ਨਾਲ ਪੂਰੀ ਤਰਾਂ ਜੁੜ ਗਿਆ। ਪੂਰਬੀ ਬੰਗਾਲ ਅਤੇ ਪੱਛਮੀ ਪਾਕਿਸਤਾਨ ਵਿੱਚਕਾਰ ਬੋਲੀ ਦੀ ਇਹ ਦਰਾੜ ਬੇਵਿਸ਼ਵਾਸ਼ੀ ਵਿੱਚ ਬਦਲਦੀ ਗਈ ਅਤੇ ਅਖੀਰ 1971 ਵਿੱਚ ਸ਼ੇਖ਼ ਮੁਜੀਬਰ ਰਹਿਮਾਨ ਦੀ ਅਗਵਾਈ ਵਿੱਚ, ਭਾਰਤੀ ਫੌਜੀ ਹਮਲੇ ਨਾਲ, ਬੰਗਲਾ ਦੇਸ਼ ਇੱਕ ਅਜ਼ਾਦ ਮੁਲਕ ਬਣ ਗਿਆ ਅਤੇ ਬੰਗਲਾ ਦੇਸ਼ ਨੇ ਬੰਗਲਾ ਨੂੰ ਆਪਣੀ ਰਾਸ਼ਟਰ ਭਾਸ਼ਾ ਐਲਾਨਿਆ। ਕੋਈ ਹੈਰਾਨੀ ਨਹੀਂ ਕਿ ਉਹਨਾਂ ਨੇ ਆਪਣੇ ਦੇਸ਼ ਦਾ ਨਾਂ ਵੀ ਆਪਣੀ ਬੋਲੀ 'ਬੰਗਲਾ' ਦੇ ਨਾਮ ਤੇ ਰੱਖਿਆ ਅਤੇ ਦੇ ਬੰਗਲਾ ਸ਼ਹੀਦਾਂ ਦੇ ਨਾਂ ਤੇ ਢਾਕੇ ਵਿੱਚ ਇੱਕ ਆਲੀਸ਼ਾਨ 'ਸ਼ਹੀਦੇ-ਮੀਨਾਰ' ਵੀ ਸਥਾਪਤ ਕੀਤਾ। ਇਸੇ ਦਿਨ ਨੂੰ ਬੰਗਲਾ ਦੇਸ਼ ਵਿੱਚ ਰਾਸ਼ਟਰੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹੀ ਕਾਰਣ ਉਸ ਨੂੰ ਕੌਮਾਂਤਰੀ ਪੱਧਰ ਤੇ ਮਾਨਤਾ ਦਿਵਾਉਣ ਲਈ ਮਜਬੂਰ ਕਰ ਗਿਆ। ਇਸ ਨੂੰ ਕਹਿੰਦੇ ਹਨ ਮਾਂ ਬੋਲੀ ਲਈ ਕੁਝ ਕਰਨ ਦਾ ਜਜ਼ਬਾ ਜਿਸ ਨਾਲ ਯੂਨੈਸਕੋ ਨੂੰ ਕੌਮਾਂਤਰੀ ਪੱਧਰ ਤੇ ਸਥਾਈ ਤੌਰ ਤੇ ਮਾਂ ਬੋਲੀ ਦਿਵਸ ਮਨਾਏ ਜਾਣ ਲਈ ਮਜਬੂਰ ਹੋਣਾ ਪਿਆ। ਇੰਜ 21 ਫਰਵਰੀ ਦਾ ਦਿਨ 1989 ਤੋਂ ਮਾਂ-ਬੋਲੀ ਦਿਵਸ ਵਜੋਂ ਮਨਾਇਆ ਜਾਣ ਲੱਗਾ।

ਬੋਲੀ ਅਧਾਰਿਤ ਪੰਜਾਬੀ ਸੂਬੇ ਦੀ ਲੜਾਈ ਪੰਜਾਬੀਆਂ ਨੇ ਵੀ ਬੜੇ ਜੋਸ਼ ਨਾਲ ਲੜੀ ਸੀ ਭਾਵੇਂ ਕਿ ਇਹ ਪੰਜਾਬੀਆਂ ਦਾ ਹੱਕ ਸੀ। ਪਰ ਅਜਿਹੀ ਸਥਿਤੀ ਵੀ ਆਈ ਕਿ ਮਾਂ-ਬੋਲੀ ਪੰਜਾਬੀ ਦੇ ਹਿੰਦੂ-ਸਿੱਖ ਭਰਾਵਾਂ ਵਿੱਚੋਂ ਇੱਕ ਵੀਰ ਆਪਣੀ ਮਾਂ-ਬੋਲੀ ਪੰਜਾਬੀ ਤੋਂ ਹੀ ਮੁਕਰ ਗਿਆ। ਵੈਸੇ ਕਦਰ ਦੂਜਿਆਂ ਨੇ ਵੀ ਕੋਈ ਨਹੀਂ ਪਾਈ। ਉੱਚੀ ਉੱਚੀ ਬਾਹਾਂ ਉਲਾਰ ਕੇ ਮਾਂ-ਬੋਲੀ ਨੂੰ ਬਣਦਾ ਰੁਤਬਾ ਦਿਵਾਉਣ ਲਈ ਰੌਲਾ ਪਾਉਣ ਵਾਲੇ ਗੱਦੀਆਂ ਲੈਂਦਿਆਂ ਹੀ ਆਪਣੇ ਚੇਤਿਆਂ 'ਚੋਂ ਇਸ ਨੂੰ ਵਿਸਾਰ ਦਿੰਦੇ ਹਨ। ਹੋਰ ਤਾਂ ਹੋਰ ਅੱਜ ਦੀ ਤਰੀਕ ਤੱਕ ਸਾਡੇ ਪੰਜਾਬੀ ਹਿਤੈਸ਼ੀ ਹੋਣ ਵਾਲੇ ਨੇਤਾ ਆਪਣੇ ਸੂਬੇ ਵਿੱਚ ਆਪਣੀ ਹੀ ਬੋਲੀ ਵਿੱਚ ਸਰਕਾਰੀ ਭਾਸ਼ਾ ਵਜੋਂ ਲਾਗੂ ਨਹੀਂ ਕਰ ਸਕੇ। ਉਥੇ ਅਜੇ ਵੀ ਕੰਮ ਹਿੰਦੀ ਜਾਂ ਅੰਗਰੇਜ਼ੀ ਵਿੱਚ ਹੀ ਹੁੰਦਾ ਹੈ। ਇੰਨੇ ਕੁ ਹਿਤੈਸ਼ੀ ਹਨ ਇਹ ਰਾਜ ਨੇਤਾ ਆਪਣੀ ਮਾਂ ਬੋਲੀ ਦੇ। ਸ਼ੇਖ਼ ਫਰੀਦ, ਬਾਬਾ ਨਾਨਕ, ਭਗਤ ਕਬੀਰ, ਬੁੱਲ੍ਹੇਸ਼ਾਹ ਜਿਹੇ ਪੈਗੰਬਰਾਂ ਦੀ ਇਸ ਭਾਸ਼ਾ ਦੀ ਇਸੇ ਤਰਾਂ ਬੇਕਦਰੀ ਨੂੰ ਤੱਕ ਗੀਤਕਾਰ ਨੇ ਲਿਖਿਆ ਸੀ 'ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ,ਫਿੱਕੀ ਪੈ ਗਈ ਚਿਹਰੇ ਦੀ ਨੁਹਾਰ।। ਮੀਡੀਆਂ ਖਿਲਾਰੀ ਫਿਰੇਂ ਬੁੱਲ੍ਹੇ ਦੀਏ ਕਾਫੀਏ ਨੀ ਕਿੰਨੇ ਤੇਰਾ ਖੋਹ ਲਿਆ ਸ਼ਿੰਗਾਰ।।" ਅੱਜ ਸਭਿਆਚਾਰ ਦੇ ਨਾਂ 'ਤੇ ਗੀਤਾਂ ਦੇ ਨਾਂ ਹੇਠ ਲੋਕਾਂ ਨੂੰ ਗਾਲ੍ਹਾਂ ਪਰੋਸੀਆਂ ਜਾ ਰਹੀਆਂ ਹਨ। ਕਿਹਾ ਇਹ ਜਾਂਦਾ ਹੈ ਕਿ ਜੋ ਲੋਕ ਪਸੰਦ ਕਰਦੇ ਨੇ ਉਹੀ ਕੁਝ ਲਿਖਿਆ ਜਾ ਰਿਹਾ ਹੈ। ਪਰ ਕੀ ਇਹ ਬਹਾਨਾ ਸੱਚ ਹੈ? ਵਿਚਾਰਨ ਦੀ ਲੋੜ ਹੈ। ਕਿਉਂਕਿ ਗੀਤ ਕਿਸੇ ਵੀ ਭਾਸ਼ਾ ਦੀ ਨੁਮਾਇੰਦਗੀ ਵਜੋਂ ਉਸ ਦੇ ਸਭਿਚਾਆਰਿਕ ਦੂਤ ਦਾ ਕੰਮ ਕਰਦੇ ਹਨ। ਇਹ ਕੈਸੀ ਵਿਡੰਬਨਾਂ ਹੈ ਕਿ ਸਾਡੇ ਅੱਜ ਦੇ ਗੀਤਕਾਰ ਕੁਝ ਕੁ ਲੋਕਾਂ ਦੀ ਪਸੰਦ ਦਾ ਬਹਾਨਾ ਬਣਾ ਕੇ ਮਾਂ-ਬੋਲੀ ਪੰਜਾਬੀ ਦੀ ਸੇਵਾ ਵਜੋਂ ਅਸ਼ਲੀਲਤਾ, ਗੁੰਡਾਗਰਦੀ, ਨਸ਼ਿਆਂ ਆਦਿ ਦਾ ਪ੍ਰਚਾਰ ਤੇ ਪਾਸਾਰ ਕਰ ਰਹੇ ਹਨ। ਕੀ ਸਿੱਖੀ ਦੇ ਕਾਕਾਰਾਂ ਦਾ ਨਾਂ ਲੈ ਕੇ ਖਾੜਕੂ ਬਣ ਕੁੜੀਆਂ ਪਿੱਛੇ ਲਹੂ ਵਹਾਉਣ, ਅੱਧੇ ਪੈਸੇ ਪਾ ਕੇ ਮੁੰਨੀਆਂ ਬਲਾਉਣ, ਜਾਂ ਸਟੇਜ 'ਤੇ ਧੀਆਂ ਭੈਣਾਂ ਦੇ ਲੱਕਾਂ ਦੀ ਮਿਣਤੀ ਤੇ ਵਜ਼ਨ ਦਾ ਰੌਲਾ ਪਾਉਣ ਸਮੇਤ ਨਬਾਲਗ ਕੁੜੀਆਂ 'ਤੇ ਗੀਤ ਲਿਖਣਾ ਕਿਧਰ ਦੀ ਗੀਤਕਾਰੀ ਜਾਂ ਗਾਇਕੀ ਹੈ? ਇਹ ਸਾਰੀ ਬੇਕਦਰੀ ਮਾਂ-ਬੋਲੀ ਪੰਜਾਬੀ ਦੇ ਸਕੇ ਪੁੱਤ ਕਹਾਉਣ ਵਾਲਿਆਂ ਵੱਲੋਂ ਹੀ ਹੋ ਰਹੀ ਹੈ। ਅੱਜ ਪੰਜਾਬੀ ਬੋਲੀ ਦੇ ਸਭ ਤੋਂ ਵੱਡੇ ਮੁਦਈ ਅਖਵਾਉਣ ਵਾਲੇ ਲੋਕਾਂ ਦੇ ਬੱਚੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਤੇ ਅੰਗਰੇਜ਼ੀ-ਹਿੰਦੀ ਬੋਲਦੇ ਹਨ। ਪੰਜਾਬੀ ਨੂੰ ਤਾਂ ਉਹ ਨੇੜੇ ਫਟਕਣ ਵੀ ਨਹੀਂ ਦਿੰਦੇ। ਇਥੇ ਇਹ ਗੱਲ ਕਰਨੀ ਵੀ ਬਣਦੀ ਹੈ ਕਿ ਯੂਐਨਓ ਨੇ ਕੁਝ ਵਰ੍ਹੇ ਪਹਿਲਾਂ ਕਿਹਾ ਸੀ ਕਿ ਕੁਝ ਹੋਰਨਾਂ ਭਾਸ਼ਾਵਾਂ ਸਮੇਤ ਪੰਜਾਬੀ ਆਉਂਦੇ 50 ਸਾਲਾਂ ਤੱਕ ਆਲੋਪ ਹੋ ਜਾਵੇਗੀ ਜਦ ਕਿ ਅੱਜ ਦੇ ਅੰਕੜੇ ਕਹਿੰਦੇ ਹਨ ਕਿ ਪੰਜਾਬੀ ਪਹਿਲੀਆਂ ਦਸ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਇੱਕ ਹੈ। ਇੱਕ ਗੱਲ ਜਰੂਰ ਹੈ ਕਿ ਸੰਸਾਰ 'ਤੇ ਜਦ ਤੱਕ ਇੱਕ ਵੀ ਪੰਜਾਬੀ ਬੋਲਣ ਵਾਲਾ ਵਿਅਕਤੀ ਜ਼ਿੰਦਾ ਹੈ ਇਹ ਮਰ ਨਹੀਂ ਸਕਦੀ। ਉਂਜ ਅੱਜ ਲੋੜ ਹੈ ਹਰ ਪੰਜਾਬੀ ਆਪਣੀ ਪੰਜਾਬੀ ਮਾਂ-ਬੋਲੀ ਨੂੰ ਮਾਣ ਸਤਿਕਾਰ ਦੇਵੇ ਨਹੀਂ ਤਾਂ ਮਾਂ-ਬੋਲੀ ਨੂੰ ਭੁੱਲਣ ਵਾਲਿਆਂ ਦਾ ਹਸ਼ਰ ਕਦੇ ਵੀ ਚੰਗਾ ਨਹੀਂ ਹੋਇਆ। ਆਓ ਆਪਾਂ ਸੋਚੀਏ ਤੇ ਵਿਚਾਰੀਏ ਕਿ ਕੀ ਅਸੀਂ ਆਪਣੀ ਮਾਂ (ਮਾਂ ਬੋਲੀ ਪੰਜਾਬੀ) ਨਾਲ ਉਸ ਦੇ ਸਕੇ ਪੁੱਤਾਂ ਵਾਲਾ ਵਿਹਾਰ ਕਰ ਰਹੇ ਹਾਂ?

416-319-0551

# ਮੁੜ ਵਿਵਾਦਾਂ ’ਚ- ਧਾਰਾ 370 ਬਨਾਮ ਕਸ਼ਮੀਰ ਦਾ ਵਿਸ਼ੇਸ਼ ਦਰਜਾ



ਜਸਵੰਤ ਸਿੰਘ ‘ਅਜੀਤ’



ਬੀਤੇ ਦਿਨੀਂ ਕਸ਼ਮੀਰ ਘਾਟੀ ਵਿੱਚ ਬੀਐਸਐਫ ਦੇ ਇੱਕ ਕਾਫਲੇ ਪੁਰ ਹੋਏ ਅੱਤਵਾਦੀ ਹਮਲੇ, ਜਿਸ ਵਿੱਚ (ਖਬਰਾਂ ਅਨੁਸਾਰ)ਬੀਐਸਐਫ ਦੇ 40 ਤੋਂ ਵੱਧ ਜਵਾਨ ਮਾਰੇ ਗਏ, ਤੋਂ ਬਾਅਦ ਇੱਕ ਵਾਰ ਫਿਰ ਕਸ਼ਮੀਰ ਰਿਆਸਤ ਨੂੰ ਵਿਸ਼ੇਸ਼ ਦਰਜਾ ਦੇਣ ਲਈ ਸੰਵਿਧਾਨ ਵਿੱਚ ਸ਼ਾਮਲ ਕੀਤੀ ਗਈ ਧਾਰਾ 370 ਨੂੰ ਖਤਮ ਕਰ ਦਿੱਤੇ ਜਾਣ ਦੀ ਮੰਗ ਨੇ ਜ਼ੋਰ ਪਕੜ ਲਿਆ ਹੈ। ਦਸਿਆ ਗਿਆ ਹੈ ਕਿ ਇਸ ਉਦੇਸ਼ ਲਈ ਦੇਸ਼ ਦੀ ਸਰਵੁੱਚ ਅਦਾਲਤ, ਸੁਪ੍ਰੀਮ ਕੋਰਟ ਵਿੱਚਵੀ ਇੱਕ ਰਿਟ ਪਟੀਸ਼ਨਦਾਖਲ ਕੀਤੀ ਗਈ ਹੈ, ਜਿਸ ਪੁਰ ਸੁਣਵਾਈ ਕੀਤਾ ਜਾਣਾਅਦਾਲਤ ਵਲੋਂ ਸਵੀਕਾਰ ਕਰ ਲਿਆ ਗਿਆ ਹੈ। ਇਸ ਰਿਟ ਪਟੀਸ਼ਨ ਪੁਰ ਅਦਾਲਤ ਦੇ ਵਿਦਵਾਨ ਜੱਜਾਂ ਵਲੋਂ ਕੀ ਫੈਸਲਾ ਦਿੱਤਾ ਜਾਇਗਾ? ਇਸ ਸੁਆਲ ਦਾ ਜਵਾਬ ਭਵਿਖ ਹੀ ਦੇ ਪਾਵੇਗਾ।

ਇਥੇ ਇਹ ਗਲ ਵਰਨਣਯੋਗ ਹੈ ਕਿ ਬੀਤੇ ਸਮੇਂ ਵਿੱਚ ਵੀ ਸਮੇਂ-ਸਮੇਂ ਇਸ ਧਾਰਾ (370) ਨੂੰ ਖਤਮ ਕਰ ਦਿੱਤੇ ਜਾਣ ਦੀ ਮੰਗ ਕੀਤੀ ਜਾਂਦੀ ਰਹੀ ਹੈ। ਲੋਕਸਭਾ ਦੀਆਂ ਪਿਛਲੀਆਂ ਚੋਣਾਂ ਦੌਰਾਨ ਵੀ ਭਾਜਪਾ ਵਲੋਂ ਜੰਮੂ ਵਿਖੇ ਕਰਵਾਈ ਗਈ ‘ਲਲਕਾਰ ਰੈਲੀ’ ਨੂੰ ਸੰਬੋਧਨ ਕਰਦਿਆਂ (ਵਰਤਮਾਨ ਪ੍ਰਧਾਨ ਮੰਤਰੀ ਅਤੇ ਉਸ ਸਮੇਂ) ਭਾਜਪਾ ਵਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਨੇ ਕਿਹਾ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਖਤਮ ਕਰ ਦੇਣੀ ਚਾਹੀਦੀ ਹੈ, ਕਿਉਂਕਿ ਇਸ ਧਾਰਾ ਨੇ ਸੂਬੇ ਦੇ ਲੋਕਾਂ ਨੂੰ ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਤੋਂ ਇਲਾਵਾ ਕੁਝ ਨਹੀਂ ਦਿੱਤਾ।ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਪੁਰ ਮੁੜ ਬਹਿਸ ਕੀਤੀ ਜਾਏ। ਨਰੇਂਦਰ ਮੋਦੀ ਵਲੋਂ ਦਿੱਤੀ ਗਈ ਇਸ ‘ਸਲਾਹ’ ਨੇ ਇਸ ਮੁੱਦੇ ਨੂੰ ਨਵੇਂ ਸਿਰੇ ਤੋਂ ਭਖਾ ਦਿੱਤਾ।ਇੱਕ ਪਾਸੇ ਕਾਂਗ੍ਰਸ ਅਤੇ ਜੰਮੂ-ਕਸ਼ਮੀਰ ਦੀਆਂ ਇਲਾਕਾਈ ਪਾਰਟੀਆਂ ਨੇ ਉਸੇ ਸਮੇਂ ਇਸ ਪ੍ਰਾਵਧਾਨ ਪੁਰ ਵਿਚਾਰ-ਚਰਚਾ ਕੀਤੇ ਜਾਣ ਦੇ ਮੁੱਦੇ ਨੂੰ ਸਿਰੇ ਤੋਂ ਖਾਰਿਜ ਕਰ ਦਿੱਤਾ, ਦੂਜੇ ਪਾਸੇ ਭਾਜਪਾ ਨੇਤਾ ਸ਼ੁਸ਼ਮਾ ਸਵਰਾਜ ਨੇ ਕਿਹਾ ਕਿ ਨਰੇਂਦਰ ਮੋਦੀ ਦੇ ਬਿਆਨ ਨਾਲ ਧਾਰਾ 370 ਬਾਰੇ ਸਾਡੀ ਸੋਚ ਵਿੱਚ ਕੋਈ ਨਰਮੀ ਨਹੀਂ ਆਈ, ਉਹ ਸਗੋਂ ਹੋਰ ਸਖਤ ਹੋ ਗਈ ਹੈ। ਕਾਂਗ੍ਰਸ ਦੇ ਚਰਚਿਤ ਨੇਤਾ ਦਿਗਵਿਜੈ ਸਿੰਘ ਨੇ ਨਰੇਂਦਰ ਮੋਦੀ ਦੇ ਬਿਆਨ ਪੁਰ ਟਿੱਪਣੀ ਕਰਦਿਆਂ ਕਿਹਾ ਕਿ ਇਸ ਮੁੱਦੇ ਤੇ ਸਾਡੀ ਪਾਰਟੀ ਦਾ ਨਜ਼ਰੀਆ ਸਪਸ਼ਟ ਹੈ, ਜੇ ਮੋਦੀ ਬਹਿਸ ਚਾਹੁੰਦੇ ਹਨ ਤਾਂ ਪਹਿਲਾਂ ਭਾਜਪਾ ਅਤੇ ਸੰਘ ਪਰਿਵਾਰ ਵਿੱਚ ਕਰਨ, ਇਸਦੇ ਨਾਲ ਹੀ, ਜੰਮੂ-ਕਸ਼ਮੀਰ ਦੀ ਇਲਾਕਾਈ ਪਾਰਟੀ ਪੀਡੀਪੀ ਦੇ ਨੇਤਾ ਮੁਫਤੀ ਮੁਹੰਮਦ ਸੱਈਅਦ ਨੇ ਕਿਹਾ ਕਿ ਧਾਰਾ 370 ਦੇ ਅਧੀਨ ਜੰਮੂ-ਕਸ਼ਮੀਰ ਨੂੰ ਜੋ ਵਿਸ਼ੇਸ਼ ਦਰਜਾ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਸੀ, ਉਹ ਰਾਜ ਦੀ ਸੰਵਿਧਾਨ ਸਭਾ ਵਲੋਂ ਮੰਨਜ਼ੂਰੀ ਮਿਲ ਜਾਣ ਤੋਂ ਬਾਅਦ ਸਥਾਈ ਹੋ ਗਿਆ ਹੋਇਆ ਹੈ। ਇਸ ਕਾਰਣ ਇਸਨੂੰ ਹਟਾਇਆ ਜਾਂ ਖਤਮ ਨਹੀਂ ਕੀਤਾ ਜਾ ਸਕਦਾ।

ਇਸਦੇ ਨਾਲ ਹੀ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁਲਾ ਨੇ ਕਿਹਾ ਕਿ ਮੈਨੂੰ ਹੈਰਾਨੀ ਇਸ ਗਲ ਦੀ ਹੈ ਕਿ ਜੰਮੂ-ਕਸ਼ਮੀਰ ਬਾਰੇ ਉਹ ਲੋਕੀ ਚਰਚਾ ਅਤੇ ਟੀਕਾ-ਟਿੱਪਣੀ ਕਰ ਰਹੇ ਹਨ, ਜੋ ਜੰਮੂ-ਕਸ਼ਮੀਰ ਬਾਰੇ ਕੁਝ ਵੀ ਨਹੀਂ ਜਾਣਦੇ ਅਤੇ ਜਿਨ੍ਹਾਂ ਨੇ ਇਹ ਧਾਰਾ ਪੜ੍ਹੀ ਤਕ ਵੀ ਨਹੀਂ। ਉਨ੍ਹਾਂ ਸਪਸ਼ਟ ਕੀਤਾ ਕਿ ਧਾਰਾ 370 ਉਹ ਵਿਵਸਥਾ ਹੈ, ਜੋ ਜੰਮੂ-ਕਸਮੀਰ ਨੂੰ ਬਾਕੀ ਦੇਸ਼ ਨਾਲ ਜੋੜਦੀ ਹੈ।

ਮੁੜ ਮੁੱਦਾ ਭਖਾਇਆ :ਦੇਸ਼ ਦੀ ਸੱਤਾ ਸੰਭਾਲਣ ਦੇ ਤੁਰੰਤ ਬਾਅਦਹੀ ਪ੍ਰਧਾਨ ਮੰਤਰੀ ਦਫਤਰ ਦੇ ਰਾਜ ਮੰਤਰੀ ਜਤਿੰਦਰ ਸਿੰਘ ਨੇਇਹ ਆਖ,ਕਿ ਨਵੀਂ ਸਰਕਾਰ ਧਾਰਾ 370, ਜਿਸ ਰਾਹੀਂ ਜੰਮੂ-ਕਸ਼ਮੀਰ ਰਾਜ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੈ, ਨੂੰ ਖਤਮ ਕਰਨ ਦੀ ਕਾਰਵਾਈ ਕਰ ਸਕਦੀ ਹੈ, ਇੱਕ ਵਾਰ ਫਿਰ ਗੰਭੀਰ ਅਤੇ ਸੰਵੇਦਨਸ਼ੀਲ ਬਹਿਸ ਛੇੜ ਦਿੱਤੀ। ਜੰਮੂ-ਕਸ਼ਮੀਰ ਦੇ ਉਸ ਸਮੇਂ ਦੇ ਮੁਖ ਮੰਤਰੀ ਉਮਰ ਅਬੁਦਲਾ ਨੇ ਤੁਰੰਤ ਹੀ ਜਤਿੰਦਰ ਸਿੰਘ ਦੇ ਇਸ ਬਿਆਨ ਪੁਰ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਕਿ ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਦੀ ਸਹਿਮਤੀ ਤੋਂ ਬਿਨਾਂ ਕੇਂਦਰ ਸਰਕਾਰ ਧਾਰਾ 370 ਖਤਮ ਨਹੀਂ ਕਰ ਸਕਦੀ।

ਇਸ ਬਹਿਸ ਨੂੰ ਮੰਦਭਾਗਾ ਕਰਾਰ ਦਿੰਦਿਆਂ ਜੰਮੂ-ਕਸ਼ਮੀਰ ਦੇ ਸਾਬਕਾ ਸਦਰ-ਏ-ਰਿਆਸਤ ਡਾ. ਕਰਨ ਸਿੰਘ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਧਾਰਾ 370 ਨੂੰ ਲੈ ਕੇ ਉਠੇ ਵਿਵਾਦ ਤੋਂ ਉਹ ਬਹੁਤ ਦੁਖੀ ਹਨ ਅਤੇ ਚਾਹੁੰਦੇ ਹਨ ਕਿ ਸਾਰੀਆਂ ਧਿਰਾਂ ਇਸ ਸੰਵੇਦਨਸ਼ੀਲ ਮੁੱਦੇ ਨਾਲ ਠੰਡੇ ਦਿਮਾਗ ਅਤੇ ਰਾਜਨੈਤਿਕ ਸੂਝ-ਬੂਝ ਨਾਲ ਨਿਪਟਣ।

ਧਾਰਾ 370 :ਧਾਰਾ 370 ਬਾਰੇ ਚਲ ਰਹੇ ਵਿਵਾਦ ਨੂੰ ਵੇਖਦਿਆਂ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਧਾਰਾ ਅਤੇ ਇਸ ਅਧੀਨ ਹੋਏ ਸਮਝੌਤੇ ਬਾਰੇ ਲੋਕਾਂ ਨਾਲ ਸਾਂਝ ਪਾਈ ਜਾਏ। ਸੋ ਇਸ ਸਬੰਧੀ ਵਿਸਥਾਰ ਪੇਸ਼ ਹੈ :

ਦਿੱਲੀ ਸਮਝੌਤਾ : ਜੁਲਾਈ 1952 ਵਿੱਚ ਜੰਮੂ-ਕਸ਼ਮੀਰ ਰਿਆਸਤ ਦੇ ਪ੍ਰਤੀਨਿਧੀ ਮੰਡਲ ਅਤੇ ਭਾਰਤ ਸਰਕਾਰ ਦੇ ਪ੍ਰਤੀਨਿਧੀ ਮੰਡਲ ਵਿੱਚ ਜੰਮੂ-ਕਸ਼ਮੀਰ ਰਾਜ ਦੇ ਵਿਸ਼ੇ ਤੇ ਸ਼ੁਰੂ ਹੋਈ ਗਲਬਾਤ ਦੌਰਾਨ ਭਾਰਤ ਸਰਕਾਰ ਨੇ ਗਲਬਾਤ ਦਾ ਦਾਇਰਾ ਵਧਾਣ ਦਾ ਸੁਝਾਉ ਦਿੱਤਾ ਸੀ ਤਾਂ ਜੋ ਰਾਜ ਦੇ ਕੇਂਦਰ ਨਾਲ ਸੰਵਿਧਾਨਕ ਸਬੰਧਾਂ ਬਾਰੇ ਵਧੇਰੇ ਸਪਸ਼ਟ ਰੂਪ-ਰੇਖਾ ਉਲੀਕੀ ਜਾ ਸਕੇ। ਦਿੱਲੀ ਸਮਝੌਤੇ ਅਨੁਸਾਰ ਜੋ ਰੂਪ-ਰੇਖਾ ਤਿਆਰ ਹੋਈ ਅਤੇ ਉਸ ਸਬੰਧੀ ਰਾਜ ਵਿਧਾਨ ਸਭਾ ਵਲੋਂ ਜਿਨ੍ਹਾਂ ਨੁਕਤਿਆਂ ਨੂੰ ਪ੍ਰਵਾਨ ਕੀਤਾ ਗਿਆ ਉਹ ਇਉਂ ਸਨ - 1. ਰਾਜ ਵਿਧਾਨ ਸਭਾ ਵਲੋਂ ਸਦਰ-ਏ-ਰਿਆਸਤ ਦੇ ਨਾਂ ਦੀ ਸਿਫਾਰਿਸ਼ ਕੀਤੀ ਜਾਇਗੀ, ਜਿਸਨੂੰ ਭਾਰਤ ਦੇ ਰਾਸ਼ਟਰਪਤੀ ਵਲੋਂ ਪ੍ਰਵਾਨਗੀ ਦਿੱਤੀ ਜਾਇਗੀ। 2. ਸੰਵਿਧਾਨ ਦੀ ਧਾਰਾ 352 ਅਧੀਨ ਭਾਰਤ ਦੇ ਰਾਸ਼ਟਰਪਤੀ ਨੂੰ ਕੇਵਲ ਬਾਹਰੀ ਹਮਲੇ ਦੀ ਸੂਰਤ ਵਿੱਚ ਹੀ ਰਾਜ ਵਿੱਚ ਐਮਰਜੈਂਸੀ ਲਾਗੂ ਕਰਨ ਦਾ ਅਧਿਕਾਰ ਹੋਵੇਗਾ। ਅੰਦਰੂਨੀ ਗੜਬੜ ਦੀ ਸੂਰਤ ਵਿੱਚ ਐਮਰਜੈਂਸੀ ਲਾਗੂ ਕਰਨ ਦੇ ਅਧਿਕਾਰ ਰਾਜ ਸਰਕਾਰ ਪਾਸ ਹੋਣਗੇ। 3. ਕੇਂਦਰੀ ਝੰਡੇ ਨੂੰ ਰਾਜ ਵਿੱਚ ਸਰਵੁਚ ਸਥਾਨ ਹਾਸਲ ਹੋਵੇਗਾ। (ਰਾਜ ਵਲੋਂ ਆਪਣੇ ਝੰਡੇ ਦੀ ਵਰਤੋਂ ਤੋਂ ਇਲਾਵਾ)। 4. ਭਾਰਤੀ ਸੰਵਿਧਾਨ ਦੀ ਧਾਰਾ 131 ਅਧੀਨ ਰਾਜਾਂ ਦੇ ਆਪਸੀ ਝਗੜੇ ਅਤੇ ਰਾਜ ਤੇ ਕੇਂਦਰ ਵਿਚਾਲੇ ਝਗੜੇ ਸੁਪ੍ਰੀਮ ਕੋਰਟ ਦੇ ਘੇਰੇ ਵਿੱਚ ਆਉਣਗੇ। ਇਸਤੋਂ ਇਲਾਵਾ ਮੁਢਲੇ ਅਧਿਕਾਰ, ਜਿਨ੍ਹਾਂ ਬਾਰੇ ਰਾਜ ਸਰਕਾਰ ਵੀ ਸਹਿਮਤ ਹੈ, ਵੀ ਸੁਪ੍ਰੀਮ ਕੋਰਟ ਦੇ ਘੇਰੇ ਵਿੱਚ ਆਉਣਗੇ। 5. ਰਾਜ ਵਿਧਾਨ ਸਭਾ ਇਸ ਗੱਲ ਦਾ ਫੈਸਲਾ ਕਰੇਗੀ ਕਿ ਮੁਢਲੇ ਅਧਿਕਾਰਾਂ ਬਾਰੇ ਅਧਿਆਇ ਨੂੰ ਕਿਨ੍ਹਾਂ ਸੋਧਾਂ ਨਾਲ ਭਾਰਤੀ ਜਾਂ ਸੂਬਾਈ ਸੰਵਿਧਾਨ ਦਾ ਹਿੱਸਾ ਬਣਾਇਆ ਜਾਏ। 6. ਕਿਸੇ ਦੀ ਸਜ਼ਾ ਘਟਾਉਣ, ਮੁਆਫ ਕਰਨ ਜਾਂ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੇ ਅਧਿਕਾਰ ਰਾਸ਼ਟਰਪਤੀ ਪਾਸ ਹੋਣਗੇ।

ਇਸਤੋਂ ਬਾਅਦ 13 ਨਵੰਬਰ 1974 ਨੂੰ ਨਵੀਂ ਦਿੱਲੀ ਵਿੱਖੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਸ਼ੇਖ ਅਬਦੁਲਾ ਦੇ ਪ੍ਰਤੀਨਿਧਾਂ ਵਜੋਂ ਤਰਤੀਬਵਾਰ ਜੀ. ਪਾਰਥਾਸਾਰਥੀ ਅਤੇ ਮਿਰਜ਼ਾ ਅਫਜ਼ਲ ਬੇਗ ਨੇ ਆਪਣੇ ਦਸਤਖਤਾਂ ਹੇਠ ਇੱਕ ਸਮਝੋਤਾ ਕੀਤਾ, ਜਿਸ ਅਧੀਨ 25 ਫਰਵਰੀ 1975 ਨੂੰ ਸ਼ੇਖ ਅਬਦੁਲਾ ਨੂੰ ਮੁੜ ਸੱਤਾ ਸੌਂਪਣ ਦਾ ਰਾਹ ਪਧਰਾ ਹੋਇਆ। ਇਸ ਸਮਝੌਤੇ ਅਨੁਸਾਰ : 1. ਜੰਮੂ-ਕਸ਼ਮੀਰ, ਜੋ ਭਾਰਤ ਦਾ ਇੱਕ ਅੰਗ ਹੈ, ’ਤੇ ਭਾਰਤੀ ਸੰਵਿਧਾਨ ਦੀ ਧਾਰਾ 370 ਲਾਗੂ ਹੋਵੇਗੀ। 2. ਬਾਕੀ ਦੀਆਂ ਕਾਨੂੰਨ ਘੜਨ ਦੀਆਂ ਸ਼ਕਤੀਆਂ ਸੂਬੇ ਕੋਲ ਹੋਣਗੀਆਂ, ਪਰ ਭਾਰਤ ਦੀ ਇਲਾਕਾਈ ਅਖੰਡਤਾ ਅਤੇ ਪ੍ਰਭੂਸੰਪਨਤਾ ਵਿੱਚ ਵਿਘਨ ਪਾਣ ਜਾਂ ਕੋਈ ਹਿਸਾ ਭਾਰਤੀ ਸੰਘ ਨਾਲੋਂ ਅਲੱਗ ਕਰਨ ਜਾਂ ਭਾਰਤੀ ਕੌਮੀ ਝੰਡੇ, ਕੌਮੀ ਤਰਾਨੇ ਅਤੇ ਸੰਵਿਧਾਨ ਦਾ ਨਿਰਾਦਰ ਕਰਨ ਵਲ ਸੇਧਤ ਸਰਗਰਮੀਆਂ ਨੂੰ ਰੋਕਣ ਲਈ ਭਾਰਤੀ ਪਾਰਲੀਮੈਂਟ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਕਾਇਮ ਰਹੇਗਾ। 3. ਜਿਥੇ ਕਾਨੂੰਨ ਦੀ ਕੋਈ ਵੀ ਧਾਰਾ ਸੋਧਾਂ ’ਤੇ ਤਬਦੀਲੀਆਂ ਨਾਲ ਜੰਮੂ-ਕਸ਼ਮੀਰ ਸੂਬੇ ਉਪਰ ਲਾਗੂ ਕੀਤੀ ਗਈ ਹੈ, ਉਥੇ ਇਹ ਸੋਧਾਂ ਤੇ ਤਬਦੀਲੀਆਂ ਸੰਵਿਧਾਨ ਦੀ ਧਾਰਾ 370 ਦੇ ਤਹਿਤ ਰਾਸ਼ਟਰਪਤੀ ਦੇ ਹੁਕਮਾਂ ਅਨੁਸਾਰ ਬਦਲੀਆਂ ਜਾ ਸਕਦੀਆਂ ਹਨ ਜਾਂ ਵਾਪਸ ਲਈਆਂ ਜਾ ਸਕਦੀਆਂ ਹਨ। ਵਿਅਕਤੀਗਤ ਤਜਵੀਜ਼ਾਂ ਨੂੰ, ਉਨ੍ਹਾਂ ਦੇ ਬਣਦੇ ਹਕ ਅਨੁਸਾਰ ਵਿਚਾਰਿਆ ਜਾਇਗਾ, ਪਰ ਜੰਮੂ-ਕਸ਼ਮੀਰ ਲਈ ਬਿਨਾਂ ਸੋਧਾਂ ਜਾਂ ਤਬਦੀਲੀਆਂ ਤੋਂ ਪਹਿਲਾਂ ਹੀ ਲਾਗੂ ਕੀਤੀਆਂ ਗਈਆਂ ਭਾਰਤੀ ਸੰਵਿਧਾਨ ਧੀਆਂ ਧਾਰਾਵਾਂ ਨੂੰ ਬਦਲਿਆ ਨਹੀਂ ਜਾ ਸਕੇਗਾ। 4. ਜੰਮੂ-ਕਸ਼ਮੀਰ ਲਈ ਭਲਾਈ, ਸਭਿਆਚਾਰਕ ਮਾਮਲੇ, ਸਮਾਜਕ ਸੁਰਖਿਆ, ਨਿਜੀ ਕਾਨੂੰਨ ਅਤੇ ਜ਼ਾਬਤਾ ਕਾਨੂੰਨਾਂ ਦੇ ਖੇਤਰ ਵਿੱਚ ਜੰਮੂ-ਕਸ਼ਮੀਰ ਨੂੰ ਰਾਜ ਦੇ ਢੁਕਵੇਂ ਹਾਲਾਤ ਵਿੱਚ ਆਮ ਕਾਨੂੰਨ ਬਣਾ ਸਕਣ ਦੀ ਆਜ਼ਾਦੀ ਯਕੀਨੀ ਬਣਾਉਣ ਲਈ, ਇਸ ਗਲ ਦੀ ਸਹਿਮਤੀ ਦਿੱਤੀ ਜਾਦੀ ਹੈ ਕਿ ਰਾਜ ਸਰਕਾਰ ਪਾਰਲੀਮੈਂਟ ਵਲੋਂ ਬਣਾਏ ਗਏ ਕਾਨੂੰਨਾਂ ਜਾਂ ਸਮਵਰਤੀ ਸੂਚੀ ਨਾਲ ਸਬੰਧਤ ਮਾਮਲਿਆਂ ਪੁਰ 1953 ਤੋਂ ਬਾਅਦ ਰਾਜ ਲਈ ਲਾਗੂ ਕੀਤੇ ਗਏ ਕਾਨੂੰਨਾਂ ਪੁਰ ਨਜ਼ਰਸਾਨੀ ਕਰ ਸਕਦੀ ਹੈ ਅਤੇ ਆਪਣੀ ਰਾਇ ਮੁਤਾਬਕ ਫੈਸਲਾ ਕਰ ਸਕਦੀ ਹੈ ਕਿ ਕਿਹੜੇ ਕਾਨੂੰਨਾਂ ਵਿੱਚ ਸੋਧ ਕਰਨ ਜਾਂ ਕਿਹੜੇ ਕਾਨੂੰਨਾਂ ਨੂੰ ਵਾਪਸ ਕਰਨ ਦੀ ਲੋੜ ਹੈ। ਇਸਤੋਂ ਪਿਛੋਂ ਭਾਰਤੀ ਸੰਵਿਧਾਨ ਦੀ ਧਾਰਾ 254 ਤਹਿਤ ਲੋੜੀਂਦੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸਤਰ੍ਹਾਂ ਦੇ ਕਾਨੂੰਨ ਨੂੰ ਪ੍ਰਵਾਨਗੀ ਦੇਣ ਲਈ ਰਾਸ਼ਟਰਪਤੀ ਵਲੋਂ ਹਮਦਰਦੀ ਨਾਲ ਵਿਚਾਰਿਆ ਜਾਇਗਾ। ਉਸੇ ਧਾਰਾ ਦੀ ਮਦੱਦ ਦੀ ਵਿਵਸਥਾ ਦੇ ਤਹਿਤ ਭਵਿਖ ਵਿੱਚ ਪਾਰਲੀਮੈਂਟ ਵਲੋਂ ਬਣਾਏ ਜਾਣ ਵਾਲੇ ਕਾਨੂੰਨਾਂ ਲਈ ਵੀ ਉਹੀ ਪਹੁੰਚ ਅਪਣਾਈ ਜਾਇਗੀ। ਅਜਿਹਾ ਕਾਨੂੰਨ ਰਾਜ ਅੰਦਰ ਲਾਗੂ ਕੀਤੇ ਜਾਣ ਸਬੰਧੀ ਰਾਜ ਸਰਕਾਰ ਨਾਲ ਮਸ਼ਵਰਾ ਕੀਤਾ ਜਾਇਗਾ ਤੇ ਰਾਜ ਸਰਕਾਰ ਦੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਵਿਚਾਰਿਆ ਜਾਇਗਾ। 5. ਸੰਵਿਧਾਨ ਦੀ ਧਾਰਾ 368 ਦੇ ਬਰਾਬਰ ਕੀਤੇ ਗਏ ਪ੍ਰਬੰਧ ਵਜੋਂ ਰਾਜ ਪੁਰ ਲਾਗੂ ਹੁੰਦੀ ਉਸ ਧਾਰਾ ਦੀ ਢੁਕਵੀਂ ਸੋਧ ਰਾਸ਼ਟਰਪਤੀ ਦੇ ਆਦੇਸ਼ਾਂ ਅਨੁਸਾਰ ਇਸ ਪੱਖ ਤੋਂ ਕੀਤੀ ਜਾਣੀ ਚਾਹੀਦੀ ਹੈ ਕਿ ਅਗੇ ਦਿਤੇ ਮਾਮਲਿਆਂ ਤੇ ਜੰਮੂ-ਕਸ਼ਮੀਰ ਦੇ ਸੰਵਿਧਾਨ ਵਿਚਲੀ ਵਿਵਸਥਾ ਨੂੰ ਬਦਲਣ ਵਾਲਾ ਜੰਮੂ-ਕਸ਼ਮੀਰ ਵਿਧਾਨ ਮੰਡਲ ਵਲੋਂ ਪਾਸ ਕੀਤਾ ਗਿਆ ਕਾਨੂੰਨ ਉਤਨੀ ਦੇਰ ਤਕ ਲਾਗੂ ਨਹੀਂ ਹੋਵੇਗਾ, ਜਿਤਨੀ ਦੇਰ ਤਕ ਇਸ ਸਬੰਧੀ ਬਿਲ ਨੂੰ ਰਾਸ਼ਟਰਪਤੀ ਪਾਸੋਂ ਪ੍ਰਵਾਨਗੀ ਨਹੀਂ ਮਿਲ ਜਾਂਦੀ। ਇਹ ਮਾਮਲੇ ਇਸ ਪ੍ਰਕਾਰ ਹਨ : (ੳ) ਗਵਰਨਰ ਦੀ ਨਿਯੁਕਤੀ, ਅਧਿਕਾਰ, ਕੰਮ-ਕਾਜ ਤੇ ਉਸਦੇ ਅਧਿਕਾਰ ਅਤੇ (ਅ) ਚੋਣਾਂ ਨਾਲ ਸਬੰਧਤ ਮਾਮਲੇ, ਜਿਵੇਂ ਕਿ ਭਾਰਤ ਦੇ ਚੋਣ ਕਮਿਸ਼ਨ ਵਲੋਂ ਚੋਣਾਂ ਦੀ ਸਿੱਧੀ ਨਿਗਰਾਨੀ, ਬਿਨਾਂ ਭਿੰਨ-ਭੇਤ ਵੋਟਰ ਸੂਚੀਆਂ ਵਿੱਚ ਨਾਂ ਸ਼ਾਮਲ ਕੀਤੇ ਜਾਣ ਦੀ ਯੋਗਤਾ, ਬਾਲਗ ਵੋਟ ਅਤੇ ਵਿਧਾਨ ਪ੍ਰੀਸ਼ਦ ਦੀ ਬਣਤਰ, ਦੇ ਮਾਮਲੇ ਜੰਮੂ-ਕਸ਼ਮੀਰ ਦੇ ਸੰਵਿਧਾਨ ਦੀਆਂ ਧਾਰਾਵਾਂ 138, 139, 140 ਅਤੇ 50 ਵਿੱਚ ਦਰਜ ਹਨ।

Mobile : +91 95 82 71 98 90
E-Mail :
jaswantsinghajit@gmail.com


# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**INVISALIGN & BRACES INCLUDING CLEAR BRACES**
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ!
Show Your Smile More With Invisible Braces!



**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization


**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਪਾਕਿ ਨੂੰ ਅੱਤਵਾਦੀ ਦੇਸ਼ ਐਲਾਨੇ ਜਾਣ ਦਾ ਕਾਂਗਰਸ ਵੱਲੋਂ ਵਿਰੋਧ, ਅਕਾਲੀਆਂ ਦਾ ਵਾਕ ਆਊਟ



ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਨੂੰ ਅੱਤਵਾਦੀ ਦੇਸ਼ ਐਲਾਨਣ ਦੇ ਮਤੇ 'ਤੇ ਕੱਲ੍ਹ ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਭਾਜਪਾ ਮੈਂਬਰਾਂ ਤੇ ਕਾਂਗਰਸੀ ਮੈਂਬਰਾਂ ਵਿੱਚ ਖੂਬ ਝੜਪਾਂ ਹੋਈਆਂ। ਅਕਾਲੀ ਦਲ ਦੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਜ਼ੀਰੋ ਆਵਰ ਸਮੇਂ ਇਹ ਮਤਾ ਹਾਊਸ ਵਿੱਚ ਲਿਆਉਣ ਲਈ ਬੋਲਣਾ ਜਦੋਂ ਸ਼ੁਰੂ ਕੀਤਾ ਤਾਂ ਸਪੀਕਰ ਨੇ ਕਿਹਾ ਕਿ ਇਸ ਮਤੇ ਉਪਰ ਅਜੇ ਉਨ੍ਹਾਂ ਨੇ ਆਪਣਾ ਫੈਸਲਾ ਦੇਣਾ ਹੈ।

ਇਸ ਦੇ ਬਾਅਦ ਜਦੋਂ ਪ੍ਰਮਿੰਦਰ ਸਿੰਘ ਢੀਂਡਸਾ ਬੋਲਣ ਲੱਗੇ ਤਾਂ ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਚਰਨਜੀਤ ਸਿੰਘ ਚੰਨੀ ਨੇ ਅਕਾਲੀ ਦਲ ਦਾ ਵਿਰੋਧ ਸ਼ੁਰੂ ਕਰ ਕੀਤਾ। ਢੀਂਡਸਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਿਰੁੱਧ ਇਕ ਸਖਤ ਬਿਆਨ ਦੇ ਚੁੱਕੇ ਹਨ ਤਾਂ ਉਨ੍ਹਾਂ ਦੇ ਮਤੇ ਉਤੇ ਕਾਂਗਰਸ ਨੂੰ ਕੀ ਇਤਰਾਜ਼ ਹੈ? ਇਸ ਉੱਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜਿਹੜੇ ਅਕਾਲੀ ਖਾੜਕੂਆਂ ਦੇ ਭੋਗਾਂ 'ਚ ਸ਼ਾਮਲ ਹੁੰਦੇ ਰਹੇ, ਉਹ ਕਿੱਥੋਂ ਦੇਸ਼ ਭਗਤ ਹੋ ਗਏ। ਢੀਂਡਸਾ ਨੇ ਕਿਹਾ ਕਿ ਉਨ੍ਹਾਂ ਦਾ ਮਤਾ ਪਾਕਿਸਤਾਨ ਨੂੰ ਅੱਤਵਾਦੀ ਐਲਾਨਣ ਲਈ ਹੈ, ਇਹ ਮਤਾ ਇਮਰਾਨ ਖਾਨ ਦੇ ਪਿਛਲੇ ਦਿਨੀਂ ਦਿੱਤੇ ਗਏ ਬਿਆਨ ਨਾਲ ਜੁੜਿਆ ਹੈ। ਅੱਤਵਾਦੀਆਂ ਨੂੰ ਰੋਕਣ ਦੀ ਥਾਂ ਇਮਰਾਨ ਖਾਨ ਭਾਰਤ ਨੂੰ ਜੰਗ ਦੀਆਂ ਧਮਕੀਆਂ ਦੇ ਰਿਹਾ ਹੈ। ਜਦ ਸਪੀਕਰ ਨੇ ਮਤਾ ਰੱਖਣ ਦੀ ਆਗਿਆ ਨਾ ਦਿੱਤੀ ਤਾਂ ਅਕਾਲੀ ਭਾਜਪਾ ਮੈਂਬਰ ਸਪੀਕਰ ਦੀ ਕੁਰਸੀ ਸਾਹਮਣੇ ਜਾ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਨ ਲੱਗੇ ਅਤੇ 10-15 ਮਿੰਟਾਂ ਵਿੱਚ ਬਾਅਦ ਹਾਊਸ ਵਿੱਚੋਂ ਵਾਕ ਆਊਟ ਕਰ ਗਏ।


ਬਾਹਰ ਆ ਕੇ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਪਾਕਿਸਤਾਨ ਨੂੰ ਅੱਤਵਾਦੀ ਦੇਸ਼ ਐਲਾਨਣ ਦਾ ਮਤਾ ਰੱਖਿਆ ਸੀ, ਇਸ ਤੋਂ ਕਾਂਗਰਸ ਨੂੰ ਕੀ ਤਕਲੀਫ ਹੈ, ਕੀ ਉਹ ਨਵਜੋਤ ਸਿੰਘ ਸਿੱਧੂ ਕਰਕੇ ਵਿਰੋਧ ਕਰਦੇ ਹਨ ਜਾਂ ਕਿਸੇ ਹੋਰ ਕਾਰਨ। ਢੀਂਡਸਾ ਨੇ ਕਿਹਾ ਕਿ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਅੱਤਵਾਦੀ ਸੰਗਠਨਾਂ ਨੂੰ ਪਾਲਦਾ ਅਤੇ ਭਾਰਤ ਉਪਰ ਹਮਲੇ ਕਰਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਮਤੇ ਦੇ ਵਿਰੋਧ 'ਚ ਖੜੇ ਹੋਣ ਨਾਲ ਕਾਂਗਰਸ ਦੀ ਦੋਹਰੀ ਨੀਤੀ ਬਾਹਰ ਆਈ ਹੈ। ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕਾਂਗਰਸ 1971 ਤੋਂ ਪਾਕਿਸਤਾਨ ਨੂੰ ਏਦਾਂ ਦਾ ਸਬਕ ਸਿਖਾਉਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਨਾਲ ਅਕਾਲੀ-ਭਾਜਪਾ ਦੇ ਮੈਂਬਰ ਪ੍ਰਧਾਨ ਮੰਤਰੀ ਕੋਲ ਚੱਲਣ ਅਤੇ ਪ੍ਰਧਾਨ ਮੰਤਰੀ ਨੂੰ ਕਹੀਏ ਕਿ ਉਹ ਪਾਕਿਸਤਾਨ ਦੇ ਟੁਕੜੇ ਕਰੇ। ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਸੰਵਿਧਾਨ ਦੀ ਕਾਪੀ ਪਾੜੀ ਹੋਵੇ, ਉਹ ਕਿੱਥੋਂ ਦੇ ਦੇਸ਼ ਭਗਤ ਬਣ ਗਏ। ਚੰਨੀ ਕਾਫੀ ਸਮੇਂ ਤੱਕ ਅਕਾਲੀਆਂ ਨੂੰ ਕੋਸਦੇ ਰਹੇ। ਇਸ ਮਤੇ ਉਪਰ ਅਜੇ ਗਰਮਾ ਗਰਮੀ ਚੱਲ ਹੀ ਰਹੀ ਸੀ ਅਤੇ ਅਕਾਲੀ ਨਾਅਰੇਬਾਜ਼ੀ ਕਰ ਰਹੇ ਸਨ ਤਾਂ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਆਪਣਾ ਮਤਾ ਪੜ੍ਹਨਾ ਆਰੰਭ ਦਿੱਤਾ। ਚੀਮਾ ਦਾ ਮਤਾ ਧੂਰੀ ਦੀ ਪ੍ਰਾਈਵੇਟ ਖੰਡ ਮਿੱਲ ਬਾਰੇ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦਾ ਕਿਸਾਨਾਂ ਦਾ 60 ਕਰੋੜ ਰੁਪਿਆ ਮਿੱਲ ਵੱਲ ਬਕਾਇਆ ਪਿਆ ਹੈ ਤੇ ਇਸੇ ਤਰ੍ਹਾਂ ਰਾਜ ਦੀਆਂ ਹੋਰ ਸਾਰੀਆਂ ਖੰਡ ਮਿੱਲਾਂ ਵੱਲ 700 ਕਰੋੜ ਰੁਪਏ ਕਿਸਾਨਾਂ ਦਾ ਬਕਾਇਆ ਹੈ। ਸਰਕਾਰ ਦਖਲ ਦੇ ਕੇ ਕਿਸਾਨਾਂ ਨੂੰ ਉਨ੍ਹਾਂ ਦੀ ਬਕਾਇਆ ਰਕਮ ਦਾ ਭੁਗਤਾਨ ਕਰਵਾਏ।

# ਡੇਰਾ ਸੱਚਾ ਸੌਦਾ ਦੇ ਮੁਖੀ ਦੀ ਮੁਆਫੀ 'ਤੇ ਸੁਖਬੀਰ ਨਾਲ ਰੋਸੇ ਦਾ ਆਡੀਓ ਵਾਇਰਲ

## * ਆਡੀਓ 'ਚ ਡੇਰਾ ਮੁਖੀ ਨੂੰ ਮੁਆਫੀ ਦੀ ਗੱਲ ਸੁਖਬੀਰ ਵੀ ਮੰਨੇ

ਬਠਿੰਡਾ, 21 ਫਰਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਅਕਾਲ ਤਖਤ ਸਾਹਿਬ ਤੋਂ ਮੁਆਫੀ ਦਿੱਤੇ ਜਾਣ ਦਾ ਲੰਮੇ ਸਮੇਂ ਤੋਂ ਠੰਢਾ ਪਿਆ ਮੁੱਦਾ ਫਿਰ ਸਿਆਸੀ ਗਲਿਆਰਿਆਂ ਵਿੱਚ ਚਰਚਾ ਫੜ ਗਿਆ ਹੈ। ਸੋਸ਼ਲ ਮੀਡੀਆ ਉੱਤੇ ਇੱਕ ਆਡੀਓ ਵਾਇਰਲ ਹੋਇਆ ਹੈ, ਜਿਸ ਬਾਰੇ ਦਾਅਵਾ ਕੀਤਾ ਗਿਆ ਹੈ ਕਿ ਇਸ ਆਡੀਓ ਵਿੱਚ ਸੁਖਬੀਰ ਸਿੰਘ ਬਾਦਲ ਡੇਰਾ ਮੁਖੀ ਨੂੰ ਮੁਆਫੀ ਦੇਣ ਦੀ ਗਲਤੀ ਮੰਨ ਰਹੇ ਸਨ। ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਆਡੀਓ ਕਿੰਨੀ ਪੁਰਾਣੀ ਹੈ ਅਤੇ ਕਿਸ ਨੇ ਕਿੱਥੇ ਬਣਾਈ ਸੀ।





ਇਹ ਆਡੀਓ ਜਾਰੀ ਹੋਣ ਉੱਤੇ ਅਕਾਲੀ ਦਲ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇਹ ਪਤਾ ਨਹੀਂ ਲੱਗਾ ਕਿ ਇਹ ਆਡੀਓ ਕਿਸ ਇਲਾਕੇ ਵਿੱਚ ਕਿਸ ਨੇ ਰਿਕਾਰਡ ਕੀਤੀ ਸੀ। ਆਡੀਓ ਸੁਣਨ ਉਤੇ ਇਕ ਥਾਂ ਇੰਝ ਲੱਗਦਾ ਹੈ ਜਿਵੇਂ ਸੁਖਬੀਰ ਸਿੰਘ ਬਾਦਲ ਮਲੋਟ ਦਾ ਨਾਂ ਲੈ ਰਹੇ ਹੋਣ। ਦਾਅਵਾ ਕੀਤਾ ਗਿਆ ਹੈ ਕਿ ਇਹ ਆਡੀਓ ਪੰਚਾਇਤੀ ਚੋਣਾਂ ਮਗਰੋਂ ਅਕਾਲੀ ਵਰਕਰਾਂ ਦੇ ਨਾਲ ਸੁਖਬੀਰ ਸਿੰਘ ਬਾਦਲ ਦੀ ਕਿਸੇ ਮੀਟਿੰਗ ਵੇਲੇ ਦੀ ਹੈ। ਆਡੀਓ ਵਿੱਚ ਇਕ ਵਰਕਰ ਸੁਖਬੀਰ ਸਿੰਘ ਕੋਲ ਕਹਿੰਦਾ ਹੈ, 'ਜਿਵੇਂ ਆਪਾਂ ਸਿਰਸੇ ਵਾਲੇ ਨੂੰ ਮੁਆਫੀ ਦਿੱਤੀ ਹੈ, ਓਹ ਗੱਲ ਗਲਤ ਹੋ ਗਈ ਹੈ। ਇਹ ਮੁਆਫੀ ਅਕਾਲੀ ਦਲ ਨੂੰ ਲੈ ਬੈਠੀ ਹੈ। ਡੇਰਾ ਮੁਖੀ ਨੂੰ ਮੁਆਫ ਕਰਨਾ ਗਲਤ ਸੀ। ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾ ਦਿੱਤੀ, ਸਾਰੀ ਗੱਲ ਅਕਾਲੀ ਦਲ ਉੱਤੇ ਆ ਪਈ। ਡੇਰਾ ਮੁਖੀ ਨੂੰ ਮੁਆਫੀ ਦਾ ਫੈਸਲਾ ਤੁਸੀਂ ਜਲਦਬਾਜ਼ੀ ਵਿੱਚ ਕਰ ਦਿੱਤਾ।' ਹੋਰ ਵਰਕਰ ਵੀ ਉਸ ਦੀ ਹਮਾਇਤ ਵਿੱਚ ਹਾਂ ਆਖਦੇ ਹਨ। ਫੇਰ ਸੁਖਬੀਰ ਸਿੰਘ ਬਾਦਲ ਕਹਿੰਦੇ ਨੇ, 'ਯਾਰ, ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ (ਤੇ ਪੁਰਾਣੀ ਗੱਲ ਵੀ ਦੱਸਦੇ ਹਨ) ਜਦੋਂ ਲੋਕ ਸਭਾ ਚੋਣਾਂ ਲੜੇ ਸੀ ਤਾਂ ਇਸ ਹਲਕੇ ਦੇ ਕਾਂਗਰਸੀ ਪੰਚਾਂ, ਸਰਪੰਚਾਂ, ਸਕੱਤਰਾਂ, ਜਨਰਲ ਸਕੱਤਰਾਂ, ਜ਼ਿਲਾ ਪ੍ਰੀਸ਼ਦ ਦੇ ਮੈਂਬਰਾਂ ਨੂੰ ਨਾਲ ਲਿਆ ਸੀ ਤੇ ਕਿਸੇ ਨੂੰ ਨਹੀਂ ਛੱਡਿਆ ਸੀ। ਇਸ ਦੇ ਬਾਵਜੂਦ ਅਸੀਂ ਅੱਠ ਹਜ਼ਾਰ ਵੋਟਾਂ ਨਾਲ ਹਾਰ ਗਏ ਸੀ।'

# ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ ਗੁਰੂ ਨਾਨਕ ਦੇਵ ਜੀ ਰਿਸਰਚ ਚੇਅਰ ਦੀ ਸ਼ੁਰੂਆਤ

ਅੰਮ੍ਰਿਤਸਰ, 21 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਮੁੱਖ ਸ਼ਹਿਰ ਲਾਹੌਰ ਦੀ ਪੰਜਾਬ ਯੂਨੀਵਰਸਿਟੀ ਵਿੱਚ ਵਾਈਸ ਚਾਂਸਲਰ ਪ੍ਰੋ. ਡਾ. ਨਿਆਜ਼ ਅਹਿਮਦ ਨਿਆਜ਼ ਦੀ ਅਗਵਾਈ 'ਚ ਬਾਬਾ ਗੁਰੂ ਨਾਨਕ ਜੀ ਰਿਸਰਚ ਚੇਅਰ ਸ਼ੁਰੂ ਕੀਤੀ ਗਈ ਹੈ। ਸ਼ੁਰੂਆਤੀ ਸਿਖਲਾਈ ਦੇ ਡੀਨ ਫੈਕਲਟੀ ਪ੍ਰੋ. ਡਾ. ਸਲੀਮ ਮਜ਼ਹਰ, ਪੰਜਾਬੀ ਵਿਭਾਗ ਦੀ ਚੇਅਰਪਰਸਨ ਪ੍ਰੋ. ਡਾ. ਨਬੀਲਾ ਰਹਿਮਾਨ, ਰਜਿਸਟਰਾਰ ਡਾ. ਖਾਲਿਦ ਖਾਨ, ਪ੍ਰੋ. ਡਾ. ਨਵੀਦ ਸ਼ਹਿਜ਼ਾਦ, ਡਾ. ਸਆਦਤ ਅਲੀ ਸਾਕਿਬ, ਡਾ. ਅਸਮਾ ਕਾਦਰੀ, ਅਜੈਬ ਸਿੰਘ ਚੱਠਾ ਅਤੇ ਪ੍ਰੋ. ਡਾ. ਜਸਬੀਰ ਕੌਰ ਆਦਿ ਹਾਜ਼ਰ ਸਨ।

ਇਸ ਮੌਕੇ 'ਤੇ ਸੰਬੋਧਨ ਕਰਦਿਆਂ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਉਪ ਕੁਲਪਤੀ ਪ੍ਰੋ. ਡਾ. ਨਿਆਜ਼ ਅਹਿਮਦ ਨਿਆਜ਼ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਅਮਨ ਤੇ ਭਾਈਚਾਰੇ ਦਾ ਜੋ ਸੁਨੇਹਾ ਦਿੱਤਾ ਸੀ, ਉਸ ਨੂੰ ਅੱਜ ਘਰ-ਘਰ 'ਚ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਕਤ ਚੇਅਰ ਦੀ ਸਥਾਪਨਾ ਦਾ ਇਹੋ ਮੁੱਖ ਉਦੇਸ਼ ਹੈ ਕਿ ਗੁਰੂ ਨਾਨਕ ਦੇਣ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰਦਿਆਂ ਪਾਕਿਸਤਾਨ ਦੀ ਨੌਜਵਾਨ ਪੀੜ੍ਹੀ ਦੀ ਮਾਰਫਤ ਉਨ੍ਹਾਂ ਦਾ ਵੱਡੇ ਪੱਧਰ 'ਤੇ ਪ੍ਰਚਾਰ ਪ੍ਰਸਾਰ ਕੀਤਾ ਜਾਵੇ। ਲਾਹੌਰ ਤੋਂ ਫੋਨ 'ਤੇ ਇਕ ਪੰਜਾਬੀ ਅਖਬਾਰ ਨਾਲ ਨੂੰ ਜਾਣਕਾਰੀ ਦੇਂਦਿਆਂ ਪੰਜਾਬੀ ਪ੍ਰਚਾਰ ਸੰਸਥਾ ਦੇ ਪ੍ਰਧਾਨ ਅਹਿਮਦ ਰਜ਼ਾ ਖਾਂ ਤੇ ਜਨਰਲ ਸਕੱਤਰ ਬਾਬਰ ਜਲੰਧਰੀ ਨੇ ਕਿਹਾ ਕਿ ਉਨ੍ਹਾਂ ਦੀਆਂ ਮੁੱਖ ਮੰਗਾਂ 'ਚ ਸੂਬਾ ਪੰਜਾਬ ਦੇ ਸਕੂਲਾਂ 'ਚ ਨਰਸਰੀ ਜਮਾਤ ਤੋਂ ਗ੍ਰੈਜੂਏਸ਼ਨ ਦੀ ਪੜ੍ਹਾਈ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਕਰਨਾ, ਪੰਜਾਬ ਅਸੈਂਬਲੀ 'ਚ ਪੰਜਾਬੀ ਬੋਲਣ 'ਤੇ ਲਾਈ ਪਾਬੰਦੀ ਨੂੰ ਖਤਮ ਕਰਨਾ ਅਤੇ ਸਕੂਲੀ ਪੰਜਾਬੀ ਪੁਸਤਕਾਂ 'ਚ ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਗੁਰੂ ਨਾਨਕ ਦੇਵ ਜੀ, ਸ਼ੇਖ ਫਰੀਦ, ਵਾਰਿਸ ਸ਼ਾਹ ਆਦਿ ਦੇ ਪੰਜਾਬੀ ਸੂਫੀ ਕਲਾਮ ਸ਼ਾਮਲ ਕਰਨਾ ਆਦਿ ਸ਼ਾਮਲ ਹਨ।

# ਈਸੇਵਾਲ ਬਲਾਤਕਾਰ ਕਾਂਡ ਦੇ ਦੋਸ਼ੀ ਜੁਡੀਸ਼ਲ ਹਿਰਾਸਤ 'ਚ ਭੇਜੇ



ਮੁੱਲਾਂਪੁਰ ਦਾਖਾ, 21 ਫਰਵਰੀ (ਪੋਸਟ ਬਿਊਰੋ)- ਈਸੇਵਾਲ ਸਮੂਹਿਕ ਬਲਾਤਕਾਰ ਦੇ ਦੋਸ਼ 'ਚ ਗ੍ਰਿਫਤਾਰ ਤਿੰਨ ਦੋਸ਼ੀਆਂ ਮੁਲਜ਼ਮ ਜਗਰੂਪ ਸਿੰਘ, ਸਾਦਿਕ ਅਲੀ ਅਤੇ ਸੁਰਮੂ, ਜੋ ਦਾਖਾ ਪੁਲਸ ਕੋਲ ਸੱਤ ਦਿਨਾਂ ਪੁਲਸ ਰਿਮਾਂਡ ਉਤੇ ਸਨ, ਦਾ ਕੱਲ੍ਹ ਰਿਮਾਂਡ ਖਤਮ ਹੋਣ 'ਤੇ ਅਧੂਰੀ ਪਈ ਜਾਂਚ ਨੂੰ ਪੂਰਾ ਕਰਨ ਲਈ ਹੋਰ ਰਿਮਾਂਡ ਲੈਣ ਲਈ ਅਦਾਲਤ 'ਚ ਪੇਸ਼ ਕੀਤੇ ਗਏ, ਪਰ ਜੱਜ ਨੇ ਤਿੰਨਾਂ ਨੂੰ ਅੱਠ ਦਿਨ ਲਈ ਨਿਆਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਦਾਖਾ ਪੁਲਸ ਨੂੰ ਪੀੜਤਾ ਨੇ ਆਪਣੇ ਬਿਆਨਾਂ ਵਿੱਚ ਬਲਾਤਕਾਰ ਕਰਨ ਵਾਲੇ 10 ਜਣਿਆਂ ਦਾ ਜ਼ਿਕਰ ਕੀਤਾ ਸੀ ਅਤੇ ਜਾਂਚ ਦੌਰਾਨ ਦਾਖਾ ਪੁਲਸ ਨੇ ਸਿਰਫ ਛੇ ਜਣਿਆਂ ਨੂੰ ਗ੍ਰਿਫਤਾਰ ਕੀਤਾ ਤੇ ਚਾਰ ਹੋਰ ਪੁਲਸ ਲਈ ਬੁਝਾਰਤ ਬਣੇ ਹੋਏ ਹਨ। ਉਹ ਚਾਰ ਕਿਹੜੇ ਸਨ, ਇਸ ਦੀ ਜਾਂਚ ਲਈ 20 ਫਰਵਰੀ ਨੂੰ ਅਦਾਲਤ ਕੋਲੋਂ ਹੋਰ ਪੁਲਸ ਰਿਮਾਂਡ ਦੀ ਮੰਗ ਕੀਤੀ ਗਈ ਸੀ, ਪਰ ਜੱਜ ਨੇ ਉਨ੍ਹਾਂ ਨੂੰ ਅੱਠ ਦਿਨ ਲਈ ਜੇਲ੍ਹ ਭੇਜ ਦਿੱਤਾ ਹੈ। ਕੱਲ੍ਹ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਪਹਿਲਾਂ ਵਿਸ਼ੇਸ਼ ਤੌਰ 'ਤੇ ਆਈ ਜੀ ਸ੍ਰੀਮਤੀ ਵੀ ਨੀਰਜਾ ਥਾਣਾ ਦਾਖਾ ਵਿਖੇ ਪੁੱਜੇ ਅਤੇ ਉਨ੍ਹਾਂ ਤੋਂ ਬਾਰੀਕੀ ਨਾਲ ਪੁੱਛਗਿੱਛ ਕਰਨ ਪਿੱਛੋਂ ਪੁਲਸ ਵਿਭਾਗ ਵੱਲੋਂ ਦੇਰ ਨਾਲ ਦਰਜ ਕੀਤੇ ਪਰਚੇ ਦੀਆਂ ਨਾਕਾਮੀਆਂ ਦੀ ਜਾਂਚ ਵੀ ਕੀਤੀ। ਥਾਣਾ ਮੁਖੀ ਜਗਦੀਸ਼ ਸ਼ਰਮਾ ਨੇ ਦੱਸਿਆ ਕਿ ਜੇਲ੍ਹ ਵਿੱਚ ਜੁਡੀਸ਼ਲ ਰਿਮਾਂਡ 'ਤੇ ਤਿੰਨਾਂ ਦੋਸ਼ੀਆਂ ਦੀ ਸ਼ਨਾਖਤ ਪ੍ਰੇਡ ਲਈ ਅਦਾਲਤ ਕੋਲ ਅਰਜ਼ੀ ਲਾਈ ਗਈ ਹੈ, ਮਨਜ਼ੂਰੀ ਮਿਲਦੇ ਹੀ ਸ਼ਨਾਖਤੀ ਪ੍ਰੇਡ ਕਰਵਾਈ ਜਾਵੇਗੀ।

# ਐਨ ਆਰ ਆਈ ਅਤੇ ਪਰਿਵਾਰ ਦੇ ਖਿਲਾਫ ਦਾਜ ਦਾ ਕੇਸ ਦਰਜ

ਗੁਰਦਾਸਪੁਰ, 21 ਫਰਵਰੀ (ਪੋਸਟ ਬਿਊਰੋ)- ਥਾਣਾ ਐਨ ਆਰ ਆਈ ਪੁਲਸ ਨੇ ਐਨ ਆਰ ਆਈ ਜਵਾਈ ਤੇ ਉਸ ਦੇ ਮਾਤਾ ਪਿਤਾ ਦੇ ਖਿਲਾਫ ਦਾਜ ਮੰਗਣ ਦਾ ਕੇਸ ਦਰਜ ਕੀਤਾ ਹੈ। ਇਹ ਕੇਸ ਲੜਕੀ ਦੀ ਮਾਂ ਨੇ ਦਰਜ ਕਰਵਾਇਆ ਹੈ। ਉਸ ਦੀ ਲੜਕੀ ਅਤੇ ਜਵਾਈ ਦੋਸ਼ੀ ਆਸਟਰੇਲੀਆ ਦਾ ਵਾਸੀ ਹੈ ਤੇ ਪੀੜਤ ਲੜਕੀ ਵੀ ਓਥੇ ਹੀ ਰਹਿੰਦੀ ਹੈ। ਇਸ ਕੇਸ ਵਿੱਚ ਅਜੇ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

ਸ਼ਿਕਾਇਤ ਕਰਤਾ ਦਲਜੀਤ ਕੌਰ ਨੇ ਦੱਸਿਆ ਕਿ ਉਸ ਦੀ ਲੜਕੀ ਸਿਮਰਨਜੀਤ ਕੌਰ ਦਾ ਵਿਆਹ 14 ਸਤੰਬਰ 2016 ਨੂੰ ਹਰਪ੍ਰੀਤ ਸਿੰਘ ਪੁੱਤਰ ਹਰਦਿੱਤ ਸਿੰਘ ਵਾਸੀ ਅਬਾਦਗੜ੍ਹ (ਪਠਾਨਕੋਟ) ਹਾਲ ਵਾਸੀ ਆਸਟਰੇਲੀਆ ਨਾਲ ਹੋਇਆ ਸੀ। ਵਿਆਹ ਵੇਲੇ ਹਰਪ੍ਰੀਤ ਸਿੰਘ ਦੇ ਪਿਤਾ ਹਰਦਿੱਤ ਸਿੰਘ ਨੇ ਉਨ੍ਹਾਂ ਤੋਂ 20 ਲੱਖ ਰੁਪਏ ਦੀ ਮੰਗ ਕੀਤੀ ਅਤੇ ਮੰਗ ਪੂਰੀ ਨਾ ਕਰਨ ਉੱਤੇ ਬਾਰਾਤ ਨਾ ਲੈ ਕੇ ਆਉਣ ਦੀ ਗੱਲ ਕਹੀ। ਵਿਆਹ ਦੇ ਦੋ ਦਿਨ ਪਹਿਲਾ ਉਨ੍ਹਾਂ ਨੇ ਉਸ ਦੇ ਖਾਤੇ ਵਿੱਚ 12 ਲੱਖ ਰੁਪਏ ਜਮ੍ਹਾ ਕਰਵਾਏ ਸਨ। ਵਿਆਹ ਦੇ ਬਾਅਦ ਲੜਕੀ ਆਸਟਰੇਲੀਆ ਚੱਲੀ ਗਈ। ਓਥੇ ਉਹ ਅਕਸਰ ਦਾਜ ਦੀ ਮੰਗ ਕਰਦੇ ਅਤੇ ਰਿਹਾਇਸ਼ ਲਈ ਮਕਾਨ ਖਰੀਦਣ ਲਈ ਲੜਕੀ 'ਤੇ 50 ਲੱਖ ਰੁਪਏ ਲਿਆਉਣ ਲਈ ਕਹਿ ਕੇ ਮਾਨਸਿਕ ਤੌਰ 'ਤੇ ਤੰਗ ਕਰਨ ਲੱਗੇ। ਮੰਗ ਪੂਰੀ ਨਾ ਹੋਣ 'ਤੇ ਸਿਮਰਨਜੀਤ ਨੂੰ ਘਰੋਂ ਕੱਢ ਦਿੱਤਾ ਤੇ ਉਸ ਦਾ ਵੀਜ਼ਾ ਰੱਦ ਕਰਾ ਦਿੱਤਾ। ਬਾਅਦ ਵਿੱਚ ਸਿਮਰਨਜੀਤ ਨੇ ਸਟੇਅ ਲਿਆ ਅਤੇ ਉਥੇ ਵੱਖ ਰਹਿਣ ਲੱਗੀ।

ਏ ਐਸ ਆਈ ਦਾਰਾ ਸਿੰਘ ਨੇ ਦੱਸਿਆ ਕਿ ਲੜਕੀ ਦੀ ਮਾਂ ਦਲਜੀਤ ਕੌਰ ਪਤਨੀ ਸੁਰਿੰਦਰ ਸਿੰਘ ਵਾਸੀ ਸ਼ੰਕਰ ਨਗਰ ਗੁਰਦਾਸਪੁਰ ਦੀ ਸ਼ਿਕਾਇਤ 'ਤੇ ਇਹ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤ ਦੀ ਜਾਂਚ ਐਨ ਆਰ ਆਈ ਥਾਣੇ ਦੇ ਇੰਚਾਰਜ ਮਨਜੀਤ ਸਿੰਘ ਵੱਲੋਂ ਕੀਤੀ ਗਈ, ਜਿਸ ਦੇ ਆਧਾਰ 'ਤੇ ਜਵਾਈ ਹਰਪ੍ਰੀਤ ਸਿੰਘ, ਪਿਤਾ ਹਰਦਿੱਤ ਸਿੰਘ ਅਤੇ ਮਾਤਾ ਜਸਵੰਤ ਕੌਰ ਦੇ ਖਿਲਾਫ ਦਾਜ ਮੰਗਣ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਇੱਕ ਟਿਪਣੀ ਕਾਰਨ ਲਵਲੀ ਯੂਨੀਵਰਸਿਟੀ ਦੇ ਕਸ਼ਮੀਰੀ ਪ੍ਰੋਫੈਸਰ ਨੂੰ ਨੌਕਰੀ ਗਵਾਉਣੀ ਪਈ

ਜਲੰਧਰ, 21 ਫਰਵਰੀ (ਪੋਸਟ ਬਿਊਰੋ)- ਪਿਛਲੇ ਹਫਤੇ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਦੇ ਬਾਅਦ ਵਟਸਐਪ 'ਤੇ ਕੀਤੇ ਗਏ ਇੱਕ ਕਮੈਂਟ ਦੇ ਕਾਰਨ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ ਕਸ਼ਮੀਰੀ ਪ੍ਰੋਫੈਸਰ ਸਲਮਾਨ ਸ਼ਾਹੀਨ ਨੂੰ ਨੌਕਰੀ ਤੋਂ ਹੱਥ ਧੋਣਾ ਪੈ ਗਿਆ ਹੈ।

ਸ਼ਾਹੀਨ ਦੇ ਦੱਸਣ ਮੁਤਾਬਕ ਕਿਸੇ ਸਟੂਡੈਂਟ ਨੇ ਵਟਸਐਪ ਉੱਤੇ ਕਸ਼ਮੀਰ ਬਾਰੇ ਗਲਤ ਸ਼ਬਦਾਂ ਦੀ ਵਰਤੋਂ ਕੀਤੀ ਸੀ। ਉਨ੍ਹਾਂ ਨੇ ਜਵਾਬ ਵਿੱਚ ਸਿਰਫ ਇੰਨਾ ਲਿਖਿਆ ਕਿ 'ਸਾਨੂੰ ਕਸ਼ਮੀਰ ਵਿੱਚ ਪਿਆਰ ਦੀ ਗੱਲ ਕਰਨੀ ਚਾਹੀਦੀ, ਨਾ ਕਿ ਬੰਦੂਕਾਂ ਦੀ।' ਇਸ ਦੇ ਬਾਅਦ ਉਹ ਛੁੱਟੀ ਚਲੇ ਗਏ। 17 ਫਰਵਰੀ ਨੂੰ ਯੂਨੀਵਰਸਿਟੀ ਮੁੜੇ ਤਾਂ ਹੰਗਾਮਾ ਦੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਨੇ ਕਿਹਾ ਕਿ ਕਿਸੇ ਨੇ ਮੇਰੇ ਕਮੈਂਟ ਨੂੰ ਫੋਟੋਸ਼ਾਪ ਵਿੱਚ ਐਡਿਟ ਕਰਕੇ ਸੋਸ਼ਲ ਮੀਡੀਆ 'ਤੇ ਪਾ ਦਿੱਤਾ ਹੈ। ਪ੍ਰੋ. ਸ਼ਾਹੀਨ ਨੇ ਦੱਸਿਆ ਕਿ ਯੂਨੀਵਰਸਿਟੀ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਸਪੈਂਡ ਕਰਨ ਜਾਂ ਖੁਦ ਅਸਤੀਫਾ ਦੇਣ ਨੂੰ ਕਿਹਾ ਸੀ। ਜਦ ਉਹ ਆਪਣੇ ਫਲੈਟ ਵਿੱਚ ਪਹੁੰਚੇ ਤਾਂ ਘਰ ਦੇ ਬਾਹਰ ਇਕੱਠੇ ਹੋਏ ਲੋਕਾਂ ਦੀ ਨਾਅਰੇਬਾਜ਼ੀ ਤੋਂ ਘਬਰਾ ਗਏ। ਭੀੜ ਨੇ ਗਾਲ੍ਹਾਂ ਕੱਢੀਆਂ ਤੇ ਕਸ਼ਮੀਰ ਵਾਪਸ ਜਾਣ ਲਈ ਕਿਹਾ ਸੀ। ਪੁਲਸ ਨੇ ਉਨ੍ਹਾਂ ਨੂੰ ਕਸ਼ਮੀਰ ਜਾਣ ਵਾਲੀ ਬੱਸ ਵਿੱਚ ਬੈਠਾ ਕੇ ਸੁਰੱਖਿਅਤ ਰਵਾਨਾ ਕੀਤਾ। ਕਸ਼ਮੀਰ ਪਹੁੰਚ ਕੇ ਸ਼ਾਹੀਨ ਨੇ ਸੋਸ਼ਲ ਮੀਡੀਆ ਉੱਤੇ ਕਿਹਾ, 'ਪੁਲਸ ਨੇ ਭੀੜ ਤੋਂ ਬਚਾਉਣ ਵਿੱਚ ਵਧੀਆ ਭੂਮਿਕਾ ਨਿਭਾਈ, ਮੈਂ ਪੰਜਾਬ ਪੁਲਸ ਨੂੰ ਸੈਲਿਊਟ ਕਰਦਾ ਹਾਂ।'

ਐਲ ਪੀ ਯੂ ਦੇ ਡਾਇਰੈਕਟਰ ਅਮਨ ਮਿੱਤਲ ਨੇ ਕਿਹਾ ਕਿ ਪ੍ਰੋ. ਸ਼ਾਹੀਨ ਨੇ ਸਾਨੂੰ ਨਹੀਂ ਦੱਸਿਆ ਕਿ ਉਨ੍ਹਾਂ ਦੀ ਪੋਸਟ ਨਾਲ ਛੇੜਛਾੜ ਹੋਈ ਹੈ। ਉਨ੍ਹਾਂ ਨੇ ਗਲਤੀ ਮੰਨੀ ਸੀ। ਨੋਟਿਸ ਪੀਰੀਅਡ ਦੇ ਦੋ ਮਹੀਨੇ ਦੀ ਸੈਲਰੀ ਜਮ੍ਹਾ ਕਰਨ ਦੀ ਗੱਲ ਕਹਿ ਰਿਲੀਵ ਕਰਨ ਦੀ ਗੁਜ਼ਾਰਿਸ਼ ਕੀਤੀ ਸੀ। ਪ੍ਰਬੰਧਕਾਂ ਨੇ ਉਨ੍ਹਾਂ ਨੂੰ ਰਿਲੀਵ ਕਰ ਦਿੱਤਾ ਹੈ।

# ਦੁਰਘਟਨਾ ਵਿਚ ਬੱਚੇ ਦੀ ਮੌਤ

ਭੋਗਪੁਰ, 21 ਫਰਵਰੀ (ਪੋਸਟ ਬਿਊਰੋ)- ਥਾਣਾ ਭੋਗਪੁਰ ਦੀ ਚੌਕੀ ਪਚਰੰਗਾ ਹੇਠ ਪੈਂਦੇ ਪਿੰਡ ਗੜ੍ਹੀ ਬਖਸ਼ਾ ਵਿੱਚ ਇਕ ਅਣਜਾਣ ਵਾਹਨ ਦੀ ਲਪੇਟ 'ਚ ਆਉਣ ਕਾਰਨ ਇਕ ਮਾਸੂਮ ਬੱਚੇ ਦੀ ਮੌਤ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਅਨੁਸਾਰ ਪ੍ਰਤੀਕ ਬੱਧਣ (ਪੰਜ) ਵਾਸੀ ਸੰਤੋਖਪੁਰਾ ਮੁਹੱਲਾ ਆਪਣੇ ਨਾਨੇ ਬਲਵਿੰਦਰ ਸਿੰਘ ਦੇ ਘਰ ਪਿੰਡ ਗੜ੍ਹੀ ਬਖਸ਼ਾ ਕੁਝ ਦਿਨ ਪਹਿਲਾਂ ਰਹਿਣ ਲਈ ਆਇਆ ਸੀ। ਕੱਲ੍ਹ ਸਵੇਰੇ ਪ੍ਰਤੀਕ ਆਪਣੇ ਘਰ ਖੇਡ ਰਿਹਾ ਸੀ। ਘਰ ਅੱਗੋਂ ਇਕ ਲਿੰਕ ਸੜਕ ਲੰਘਦੀ ਹੈ। ਇਸੇ ਦੌਰਾਨ ਪ੍ਰਤੀਕ ਦੌੜ ਕੇ ਘਰੋਂ ਬਾਹਰ ਆਇਆ ਤਾਂ ਨੈਸ਼ਨਲ ਹਾਈਵੇ ਤੋਂ ਪਿੰਡ ਕੰਧਾਲਾ ਗੁਰੂ ਵੱਲ ਜਾਂਦੀ ਸੜਕ 'ਤੇ ਘਰ ਅੱਗੋਂ ਲੰਘਦੇ ਕਿਸੇ ਅਣਪਛਾਤੇ ਵਾਹਨ ਨਾਲ ਟਕਰਾ ਗਿਆ। ਜ਼ਖਮੀ ਹਾਲਤ ਵਿੱਚ ਪ੍ਰਤੀਕ ਨੂੰ ਜਲੰਧਰ ਦੇ ਇਕ ਨਿੰਜੀ ਹਸਪਤਾਲ 'ਚ ਲਿਜਾਇਆ ਗਿਆ, ਜਿਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਚੌਕੀ ਪਚਰੰਗਾ ਦੇ ਇੰਚਾਰਜ ਪਰਮਜੀਤ ਸਿੰਘ ਘੁੰਮਣ ਨੇ ਮੌਕੇ 'ਤੇ ਪੁੱਜ ਕੇ ਕਾਰਵਾਈ ਕੀਤੀ। ਮ੍ਰਿਤਕ ਪ੍ਰਤੀਕ ਦੀ ਮਾਤਾ ਰਮਨਪ੍ਰੀਤ ਕੌਰ ਨੇ ਆਪਣੇ ਬਿਆਨਾਂ ਵਿੱਚ ਹਾਦਸੇ ਦੀ ਕੋਈ ਜਾਣਕਾਰੀ ਨਾ ਹੋਣ ਕਾਰਨ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344





# ਫਸਲਾਂ ਦੀ ਰਹਿੰਦ ਖੂੰਹਦ ਸਾੜਨੀ ਆਪਣੇ ਆਪ ਬੰਦ ਨਹੀਂ ਹੋਣੀ: ਸੁਪਰੀਮ ਕੋਰਟ

ਨਵੀਂ ਦਿੱਲੀ, 21 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਹੈ ਕਿ ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ (ਐਨ ਸੀ ਆਰ) ਵਿੱਚ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਫਸਲਾਂ ਦੀ ਰਹਿੰਦ ਖੂੰਹਦ ਨੂੰ ਸਾੜਨਾ ਦਿਸ਼ਾ ਨਿਰਦੇਸ਼ ਜਾਰੀ ਕਰਨ ਨਾਲ ਬੰਦ ਨਹੀਂ ਹੋਵੇਗਾ। ਅਦਾਲਤ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਕਿਹਾ ਹੈ ਕਿ ਇਸ ਨੂੰ ਰੋਕਣ ਲਈ ਕਿਸਾਨਾਂ ਨੂੰ ਸਬਸਿਡੀ ਦੇਣ ਬਾਰੇ ਵਿਚਾਰ ਕੀਤਾ ਜਾਵੇ।



ਜਸਟਿਸ ਏ ਕੇ ਸੀਕਰੀ, ਜਸਟਿਸ ਐਸ ਏ ਨਜ਼ੀਰ ਅਤੇ ਜਸਟਿਸ ਐਮ ਆਰ ਸ਼ਾਹ ਦੀ ਅਦਾਲਤ ਨੇ ਕਿਹਾ ਕਿ ਅਦਾਲਤ ਦਾ ਮੰਨਣਾ ਹੈ ਕਿ ਪੰਜਾਬ ਅਤੇ ਹਰਿਆਣਾ 'ਚ ਫਸਲਾਂ ਦੀ ਰਹਿੰਦ ਖੂੰਹਦ ਨੂੰ ਸਾੜਨ ਦੀ ਸਮੱਸਿਆ ਕੁਝ ਦਿਸ਼ਾ ਨਿਰਦੇਸ਼ ਜਾਂ ਸਲਾਹ ਜਾਰੀ ਕਰਨ ਨਾਲ ਹੱਲ ਨਹੀਂ ਹੋਵੇਗੀ। ਅਸੀਂ ਖੁਦ ਕਹਿ ਰਹੇ ਹਾਂ ਕਿ ਇਹ (ਨਿਰਦੇਸ਼ ਅਤੇ ਸਲਾਹ) ਇਸ ਸਬੰਧੀ ਕੰਮ ਨਹੀਂ ਕਰਨਗੇ। ਕਿਸਾਨਾਂ ਕੋਲ ਫਸਲਾਂ ਦੀ ਰਹਿੰਦ ਖੂੰਹਦ (ਪਰਾਲੀ ਅਤੇ ਨਾੜ) ਨੂੰ ਸੰਭਾਲਣ ਦਾ ਕੋਈ ਸਸਤਾ ਤਰੀਕਾ ਨਹੀਂ। ਇਸ ਨੂੰ ਸਾੜਨ ਤੋਂ ਰੋਕਣ ਲਈ ਤੁਸੀਂ ਕਿਸਾਨਾਂ ਨੂੰ ਸਬਸਿਡੀ ਦੇਣ ਬਾਰੇ ਵਿਚਾਰ ਕਰ ਸਕਦੇ ਹੋ। ਬੈਂਚ ਨੇ ਕਿਹਾ ਕਿ ਕਿਸਾਨ ਆਪਣੇ ਆਪ ਇਸ ਨੂੰ ਬੰਦ ਨਹੀਂ ਕਰਨਗੇ ਤੇ ਉਨ੍ਹਾਂ ਨੂੰ ਪਰਾਲੀ ਤੇ ਨਾੜ ਨੂੰ ਅੱਗ ਲਾਉਣ ਤੋਂ ਰੋਕਣ ਲਈ ਸਬਸਿਡੀ ਦੇ ਕੇ ਉਤਸ਼ਾਹਿਤ ਕੀਤਾ ਜਾਵੇ। ਸੁਪਰੀਮ ਕੋਰਟ ਵੱਲੋਂ ਇਸ ਦੀ ਅਗਲੀ ਸੁਣਵਾਈ 26 ਫਰਵਰੀ ਨੂੰ ਕੀਤੀ ਜਾਵੇਗੀ। ਅਦਾਲਤ ਨੇ ਇਸ ਦੌਰਾਨ ਪ੍ਰਦੂਸ਼ਣ ਦੇ ਮਾਹਰਾਂ ਦੇ ਸੁਝਾਅ ਨਾਲ ਐਫੀਡੇਵਿਟ ਪੇਸ਼ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕਿਹਾ ਸੀ ਕਿ ਉਹ ਇਸ ਬਾਰੇ ਆਪਣੀ ਰਿਪੋਰਟ ਪੇਸ਼ ਕਰੇਗਾ। ਅਦਾਲਤ ਨੇ ਸੂਬਿਆਂ ਦੇ ਪ੍ਰਦੂਸ਼ਣ ਕੰਟਰੋਲ ਬੋਰਡਾਂ ਨੂੰ ਵੀ ਆਪਣੀ ਰਿਪੋਰਟਾਂ ਸਮੇਂ ਸਿਰ ਸੌਂਪਣ ਲਈ ਕਿਹਾ ਸੀ।

### ਹਰਿਆਣਾ ਗੁਰਦੁਆਰਾ ਕਮੇਟੀ

# ਜਗਦੀਸ਼ ਸਿੰਘ ਝੀਂਡਾ ਉਮਰ ਭਰ ਲਈ ਪ੍ਰਧਾਨ ਬਣੇ, ਨਲਵੀ ਨੂੰ ਕਾਰਜਕਾਰੀ ਪ੍ਰਧਾਨ

ਗੁਹਲੀ-ਚੀਕਾ, 21 ਫਰਵਰੀ (ਪੋਸਟ ਬਿਊਰੋ)- ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਆਪਣਾ ਸਾਰੀ ਉਮਰ ਭਰ ਲਈ ਪ੍ਰਧਾਨ ਬਣਾਇਆ ਹੈ। ਗੰਭੀਰ ਬਿਮਾਰੀ ਕਾਰਨ ਜਗਦੀਸ਼ ਸਿੰਘ ਝੀਂਡਾ ਨੇ ਪਿਛਲੇ ਮਹੀਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਦੇ ਬਾਅਦ ਪ੍ਰਧਾਨ ਅਹੁਦੇ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਕੱਲ੍ਹ ਚਾਰ ਮੈਂਬਰਾਂ 'ਚੋਂ ਕਿਸੇ ਇਕ ਨੂੰ ਪ੍ਰਧਾਨ ਚੁਣਿਆ ਜਾਣਾ ਸੀ। ਬੈਠਕ ਨੇ ਸਰਬ ਸੰਮਤੀ ਨਾਲ ਜਗਦੀਸ਼ ਸਿੰਘ ਝੀਂਡਾ ਨੂੰ ਹੀ ਹਰਿਆਣਾ ਗੁਰਦੁਆਰਾ ਕਮੇਟੀ ਦਾ ਉਮਰ ਭਰ ਲਈ ਪ੍ਰਧਾਨ ਚੁਣ ਲਿਆ ਹੈ।



ਜਗਦੀਸ਼ ਸਿੰਘ ਝੀਂਡਾ।

ਜਗਦੀਸ਼ ਸਿੰਘ ਝੀਂਡਾ ਨੇ ਪਿਛਲੇ ਮਹੀਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਵਿੱਚ ਸਿਹਤ ਕਾਰਨਾਂ ਦਾ ਹਵਾਲਾ ਦਿੱਤਾ ਗਿਆ ਸੀ। ਇਸ ਦੇ ਬਾਅਦ ਕਨਵੀਨਰ ਬਣਾਏ ਗਏ ਚੰਨਦੀਪ ਸਿੰਘ ਖੁਰਾਨਾ ਦੀ ਦੇਖ ਰੇਖ ਵਿੱਚ ਚੋਣ ਪ੍ਰਕਿਰਿਆ ਵੀ ਸ਼ੁਰੂ ਹੋਈ। ਤਿੰਨ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਵਾਪਸ ਲੈਣ ਪਿੱਛੋਂ ਮੈਦਾਨ ਵਿੱਚ ਚਾਰ ਉਮੀਦਵਾਰ ਬਾਕੀ ਸਨ। ਇਨ੍ਹਾਂ ਚਾਰਾਂ 'ਚੋਂ ਕਿਸੇ ਇਕ 'ਤੇ ਸਰਬ ਸੰਮਤੀ ਲਈ ਚਾਰ ਘੰਟੇ ਤੱਕ ਬੰਦ ਕਮਰੇ ਵਿੱਚ ਖੂਬ ਲੰਬੀ ਬੈਠਕ ਚੱਲੀ। ਬੈਠਕ ਦੇ ਬਾਅਦ ਜਦ ਮੈਂਬਰ ਬਾਹਰ ਨਿਕਲੇ ਤਾਂ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਐਲਾਨ ਕੀਤਾ ਕਿ ਹਰਿਆਣਾ ਕਮੇਟੀ ਨੂੰ ਬਣਾਉਣ ਵਿੱਚ ਕਿਉਂਕਿ ਜਗਦੀਸ਼ ਸਿੰਘ ਝੀਂਡਾ ਦਾ ਸੰਘਰਸ਼ ਸਭ ਤੋਂ ਵੱਧ ਹੈ, ਇਸ ਲਈ ਸਾਰੇ ਮੈਂਬਰਾਂ ਨੇ ਉਨ੍ਹਾਂ ਦੇ ਜਲਦੀ ਸਿਹਤਮੰਦ ਹੋਣ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੂੰ ਉਮਰ ਭਰ ਲਈ ਪ੍ਰਧਾਨ ਰੱਖਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸੀਨੀਅਰ ਉਪ ਪ੍ਰਧਾਨ ਦੀਦਾਰ ਸਿੰਘ ਨਲਵੀ ਨੂੰ ਐਕਟਿੰਗ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਮੀਟਿੰਗ ਦੇ ਬਾਅਦ ਪੱਤਰਕਾਰਾਂ ਤੇ ਆਮ ਸੰਗਤ ਨਾਲ ਗੱਲਬਾਤ ਕਰਦੇ ਹੋਏ ਪ੍ਰਮੁੱਖ ਸਿੱਖ ਸੰਤ ਅਤੇ ਹਰਿਆਣਾ ਕਮੇਟੀ ਦੇ ਸੀਨੀਅਰ ਮੈਂਬਰ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਕਮੇਟੀ ਬਣਾਉਣ ਲਈ ਚੱਲੇ ਸੰਘਰਸ਼ ਵਿੱਚ ਜਗਦੀਸ਼ ਸਿੰਘ ਝੀਂਡਾ ਦਾ ਯੋਗਦਾਨ ਹੈ।

# ਪ੍ਰਸਿੱਧ ਸਾਹਿਤਕਾਰ ਪ੍ਰੋ. ਨਾਮਵਰ ਸਿੰਘ ਦਾ ਦੇਹਾਂਤ

ਨਵੀਂ ਦਿੱਲੀ, 21 ਫਰਵਰੀ (ਪੋਸਟ ਬਿਊਰੋ)- ਹਿੰਦੀ ਸਾਹਿਤ ਦੇ ਪ੍ਰਸਿੱਧ ਸਾਹਿਤਕਾਰ ਪ੍ਰੋ. ਨਾਮਵਰ ਸਿੰਘ (92) ਦਾ ਕੱਲ੍ਹ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੀ ਬੇਟੀ ਸਮੀਖਸ਼ਾ ਨੇ ਦੱਸਿਆ ਕਿ ਪ੍ਰੋ. ਸਾਹਿਬ ਪਿਛਲੇ ਇਕ ਮਹੀਨੇ ਤੋਂ ਬਿਮਾਰ ਸਨ ਤੇ ਉਨ੍ਹਾਂ ਦਾ ਇਲਾਜ ਏਮਜ਼ ਵਿਖੇ ਚੱਲ ਰਿਹਾ ਸੀ ਤੇ ਕੱਲ੍ਹ ਰਾਤ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਪ੍ਰੋ. ਨਾਮਵਰ ਸਿੰਘ ਦਾ ਜਨਮ 28 ਜੁਲਾਈ 1926 ਨੂੰ ਵਾਰਾਨਸੀ ਦੇ ਜੀਅਨਪੁਰ ਪਿੰਡ 'ਚ ਹੋਇਆ ਸੀ ਤੇ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਹਿੰਦੀ ਸਾਹਿਤ ਵਿੱਚ ਐਮ ਏ ਅਤੇ ਪੀ ਐਚ ਡੀ ਕੀਤੀ ਸੀ। ਉਨ੍ਹਾਂ ਹਿੰਦੀ ਸਾਹਿਤ ਦੇ ਖਜ਼ਾਨੇ ਵਿੱਚ ਆਪਣੀਆਂ ਸਾਹਿਤਕ ਰਚਨਾਵਾਂ, ਕਵਿਤਾਵਾਂ ਤੇ ਆਲੋਚਨਾ ਨਾਲ ਵਾਡਾ ਯੋਗਦਾਨ ਪਾਇਆ। 'ਛਾਇਆਵਾਦ', 'ਇਤਿਹਾਸ ਔਰ ਆਲੋਚਨਾ', 'ਕਹਾਣੀ ਨਈ ਕਹਾਣੀ', 'ਕਵਿਤਾ ਕੇ ਨਏ ਪ੍ਰਤਿਮਾਨ' ਅਤੇ 'ਦੂਸਰੀ ਪ੍ਰੰਪਰਾ ਦੀ ਖੋਜ' ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਹਨ।


## ਪੱਛਮੀ ਬੰਗਾਲ ਦੇ ਅਫਸਰਾਂ ਖਿਲਾਫ ਸੁਣਵਾਈ ਤੋਂ ਜਸਟਿਸ ਰਾਓ ਲਾਂਭੇ ਹਟੇ

ਨਵੀਂ ਦਿੱਲੀ, 21 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਜੱਜ ਜਸਟਿਸ ਐਲ ਨਾਗੇਸ਼ਵਰ ਰਾਓ ਨੇ ਸ਼ਾਰਦਾ ਚਿੱਟ ਫੰਡ ਘੁਟਾਲਾ ਕੇਸ ਦੀ ਜਾਂਚ ਵਿੱਚ ਅੜਿੱਕਾ ਪਾਉਣ ਦੇ ਦੋਸ਼ ਹੇਠ ਪੱਛਮੀ ਬੰਗਾਲ ਸਰਕਾਰ ਦੇ ਅਧਿਕਾਰੀਆਂ ਖਿਲਾਫ ਸੀ ਬੀ ਆਈ ਦੀ ਪਟੀਸ਼ਨ ਉੱਤੇ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲਿਆ ਹੈ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਰਾਓ ਤੇ ਜਸਟਿਸ ਸੰਜੀਵ ਖੰਨਾ ਉਤੇ ਆਧਾਰਤ ਬੈਂਚ ਨੇ ਸੀ ਬੀ ਆਈ ਦੀ ਅਰਜ਼ੀ ਉੱਤੇ ਸੁਣਵਾਈ ਇਹ ਕਹਿ ਕੇ ਮੁਲਤਵੀ ਕਰ ਦਿੱਤੀ ਕਿ ਉਨ੍ਹਾਂ ਵਿੱਚੋਂ ਇਕ ਜੱਜ ਸੁਣਵਾਈ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ। ਜਸਟਿਸ ਰਾਓ ਨੇ ਕਿਹਾ ਕਿ ਕਿਉਂਕਿ ਉਹ ਰਾਜ ਸਰਕਾਰ ਵੱਲੋਂ ਬਤੌਰ ਵਕੀਲ ਪੇਸ਼ ਹੋ ਚੁੱਕੇ ਹਨ, ਇਸ ਲਈ ਇਸ ਕੇਸ ਦੀ ਸੁਣਵਾਈ ਨਹੀਂ ਕਰ ਸਕਦੇ। ਇਹ ਮਾਮਲਾ ਅੱਗੋਂ 27 ਫਰਵਰੀ ਨੂੰ ਉਸ ਬੈਂਚ ਅੱਗੇ ਸੁਣਵਾਈ ਲਈ ਰੱਖਿਆ ਜਾਵੇਗਾ, ਜਿਸ ਵਿੱਚ ਜਸਟਿਸ ਰਾਓ ਨਹੀਂ ਹੋਣਗੇ। ਅਦਾਲਤ ਦੇ ਪੰਜ ਫਰਵਰੀ ਦੇ ਹੁਕਮਾਂ ਨਾਲ 18 ਫਰਵਰੀ ਨੂੰ ਪੱਛਮੀ ਬੰਗਾਲ ਦੇ ਚੀਫ ਸੈਕਟਰੀ ਮਲਯ ਕੁਮਾਰ ਡੇਅ, ਡੀ ਜੀ ਪੀ ਵਿਰੇਂਦਰ ਕੁਮਾਰ ਤੇ ਕੋਲਕਾਤਾ ਦੇ ਤਤਕਾਲੀ ਪੁਲਸ ਕਮਿਸ਼ਨਰ ਰਾਜੀਵ ਕੁਮਾਰ ਨੇ ਸ਼ਾਰਦਾ ਚਿੱਟ ਫੰਡ ਕੇਸ ਬਾਰੇ ਅਦਾਲਤੀ ਹੁਕਮਾਂ ਦੀ ਅਣਦੇਖੀ ਬਾਰੇ ਐਫੀਡੇਵਿਟ ਪੇਸ਼ ਕੀਤੇ ਸਨ। ਸੀ ਬੀ ਆਈ ਨੇ ਇਸ ਬਾਰੇ ਅਦਾਲਤ ਵਿੱਚ ਅਰਜ਼ੀ ਦਾਖਲ ਕੀਤੀ ਸੀ। ਏਜੰਸੀ ਦਾ ਦੋਸ਼ ਸੀ ਕਿ ਉਨ੍ਹਾਂ ਕੰਮ ਵਿੱਚ ਅੜਿੱਕਾ ਪਾਇਆ ਤੇ ਘੁਟਾਲੇ ਨਾਲ ਸਬੰਧਤ ਕੇਸਾਂ ਵਿੱਚ ਦਖਲ ਦਿੱਤਾ। ਪੱਛਮੀ ਬੰਗਾਲ ਸਰਕਾਰ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ। ਇਨ੍ਹਾਂ ਤਿੰਨਾਂ ਪੁਲਸ ਅਧਿਕਾਰੀਆਂ ਨੇ ਆਪਣੇ ਐਫੀਡੇਵਿਟ ਵਿੱਚ ਅਦਾਲਤ ਤੋਂ ਬਿਨਾਂ ਸ਼ਰਤ ਤੇ ਸਪੱਸ਼ਟ ਸ਼ਬਦਾਂ ਵਿੱਚ ਮੁਆਫੀ ਮੰਗ ਲਈ ਸੀ।

# ਭਾਰਤ ਵਿੱਚ ਸਵਾਈਨ ਫਲੂ ਨਾਲ 377 ਮੌਤਾਂ ਤੇ 12000 ਤੋਂ ਵੱਧ ਲੋਕ ਪ੍ਰਭਾਵਿਤ

ਨਵੀਂ ਦਿੱਲੀ, 21 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਪਿਛਲੇ ਹਫਤੇ ਐਚ1ਐਨ1 ਵਾਇਰਸ ਨਾਲ 65 ਲੋਕਾਂ ਦੀ ਮੌਤ ਹੋ ਜਾਣ ਨਾਲ ਇਸ ਸਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ ਵਧ ਕੇ 377 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਦੱਸਿਆ ਕਿ ਸਵਾਈਨ ਫਲੂ ਨਾਲ ਪ੍ਰਭਾਵਿਤ ਲੋਕਾਂ ਦੀ ਗਿਣਤੀ 12 ਹਜ਼ਾਰ ਤੋਂ ਵੱਧ ਹੈ। ਮੰਤਰਾਲੇ ਦੇ ਅੰਕੜੇ ਦੇ ਮੁਤਾਬਕ ਰਾਜਸਥਾਨ ਵਿੱਚ ਸਭ ਤੋਂ ਵੱਧ 3508 ਮਾਮਲੇ ਸਾਹਮਣੇ ਆਏ, ਜਿਸ 'ਚੋਂ 127 ਲੋਕਾਂ ਦੀ ਮੌਤ ਹੋ ਗਈ। ਗੁਜਰਾਤ ਇਸ ਬਾਰੇ ਦੂਸਰੇ ਨੰਬਰ 'ਤੇ ਹੈ, ਜਿਥੇ ਸਵਾਈਨ ਫਲੂ ਨਾਲ 1983 ਲੋਕ ਪ੍ਰਭਾਵਿਤ ਹੋਏ, ਜਿਨ੍ਹਾਂ 'ਚੋਂ 71 ਲੋਕਾਂ ਦੀ ਮੌਤ ਹੋ ਗਈ। ਦਿੱਲੀ ਦੇ ਸਵਾਈਨ ਫਲੂ ਨਾਲ ਪ੍ਰਭਾਵਤ ਲੋਕਾਂ ਦੀ ਗਿਣਤੀ 2278 ਰਹੀ।




ਪੰਜਾਬ ਵਿੱਚ ਇਸ ਬੀਮਾਰੀ ਦੇ 410 ਕੇਸ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 31 ਲੋਕਾਂ ਦੀ ਮੌਤ ਹੋ ਗਈ ਤੇ ਮੱਧ ਪ੍ਰਦੇਸ਼ ਵਿੱਚ 30 ਲੋਕਾਂ ਦੀ ਮੌਤ ਹੋਈ ਅਤੇ 128 ਮਾਮਲੇ ਸਾਹਮਣੇ ਆਏ। ਹਿਮਾਚਲ ਪ੍ਰਦੇਸ਼ ਵਿੱਚ 27 ਲੋਕਾਂ ਦੀ ਮੌਤ ਹੋਈ ਅਤੇ 224 ਪ੍ਰਭਾਵਿਤ ਹੋਏ। ਜੰਮੂ ਕਸ਼ਮੀਰ ਵਿੱਚ ਇਸ ਨਾਲ 22 ਮੌਤਾਂ ਹੋਈਆਂ ਤੇ 293 ਕੇਸ ਦਰਜ ਕੀਤੇ ਗਏ, ਜਦ ਕਿ ਮਹਾਰਾਸ਼ਟਰ ਵਿੱਚ 17 ਲੋਕਾਂ ਦੀ ਮੌਤ ਹੋਈ ਅਤੇ 330 ਮਾਮਲੇ ਸਾਹਮਣੇ ਆਏ। ਹਰਿਆਣਾ ਵਿੱਚ ਸੱਤ ਲੋਕਾਂ ਦੀ ਮੌਤ ਗਈ, ਜਦ ਕਿ 752 ਲੋਕ ਪ੍ਰਭਾਵਿਤ ਹੋਏ। ਬਾਕੀ ਮੌਤ ਅਤੇ ਮਾਮਲੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਦਰਜ ਹੋਏ। ਅੰਕੜਿਆਂ ਤੋਂ ਸਪੱਸ਼ਟ ਹੈ ਕਿ ਇਸ ਸਾਲ ਕੱਲ੍ਹ ਤੱਕ ਐਚ1ਐਨ1 ਵਾਇਰਸ ਨਾਲ 12191 ਲੋਕ ਪਾਜ਼ੀਟਿਵ ਪਾਏ ਗਏ। ਪਿਛਲੇ ਸਾਲ ਇਹ ਗਿਣਤੀ 14992 ਸੀ ਅਤੇ 1103 ਲੋਕਾਂ ਦੀ ਸਵਾਈਨ ਫਲੂ ਨਾਲ ਮੌਤ ਹੋਈ ਸੀ। ਸਵਾਈਨ ਫਲੂ ਦੇ ਖਤਰੇ ਕਾਰਨ ਸਿਹਤ ਮੰਤਰਾਲੇ ਨੇ ਰਾਜ ਸਰਕਾਰਾਂ ਨੂੰ ਮਾਮਲਿਆਂ ਦਾ ਜਲਦ ਪਤਾ ਲਗਾਉਣ ਦੇ ਲਈ ਨਿਗਰਾਨੀ ਵਧਾਉਣ ਅਤੇ ਇਨ੍ਹਾਂ ਮਾਮਲਿਆਂ ਨਾਲ ਨਿਪਟਣ ਲਈ ਹਸਪਤਾਲਾਂ ਵਿੱਚ ਬਿਸਤਰਿਆਂ ਨੂੰ ਰਾਖਵਾਂ ਰੱਖਣ ਲਈ ਕਿਹਾ ਹੈ।

# ਹਿਜ਼ਬੁਲ ਵੱਲੋਂ ਵੱਡੇ ਆਤਮਘਾਤੀ ਹਮਲੇ ਦੀ ਨਵੀਂ ਧਮਕੀ

ਸ੍ਰੀਨਗਰ, 21 ਫਰਵਰੀ (ਪੋਸਟ ਬਿਊਰੋ)- ਪਿਛਲੇ ਹਫਤੇ ਹੋਏ ਪੁਲ-ਵਾਮਾ ਵਾਲੇ ਅੱਤਵਾਦੀ ਹਮਲੇ ਤੋਂ ਪੰਜ ਦਿਨ ਬਾਅਦ ਹਿਜ਼ਬਲ ਨੇ ਇਕ ਵਾਰ ਫਿਰ ਕਸ਼ਮੀਰ ਵਾਦੀ ਵਿੱਚ ਵੱਡੇ ਆਤਮਘਾਤੀ ਹਮਲੇ ਦੀ ਧਮਕੀ ਦਿੱਤੀ ਗਈ ਹੈ। ਇਸ ਵਾਰ ਇਹ ਧਮਕੀ ਸੋਸ਼ਲ ਸਾਈਟਾਂ 'ਤੇ ਦਿੱਤੀ ਗਈ ਹੈ।

ਹਿਜ਼ਬੁਲ ਮੁਜਾਹਿਦੀਨ ਨੇ ਕਸ਼ਮੀਰ ਵਿੱਚ ਲੋਕਲ ਵਾਸੀਆਂ ਦੀ ਮਦਦ ਨਾਲ ਵੱਡੇ ਆਤਮਘਾਤੀ ਹਮਲੇ ਦੀ ਇਹ ਤਾਜ਼ਾ ਧਮਕੀ ਦਿੱਤੀ ਹੈ। ਹਾਲੇ ਤੱਕ ਕਸ਼ਮੀਰ ਵਿੱਚ ਫਿਦਾਈਨ ਹਮਲਿਆਂ ਨੂੰ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਵੱਲੋਂ ਹੀ ਅੰਜਾਮ ਦਿੱਤਾ ਗਿਆ ਸੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਧਮਕੀ ਵਿੱਚ ਕਿਹਾ ਗਿਆ ਹੈ ਕਿ ਨੌਜਵਾਨ ਮੁੰਡਿਆਂ ਵੱਲੋਂ ਵਾਦੀ ਵਿੱਚ ਹੋਰ ਫਿਦਾਈਨ ਹਮਲੇ ਕੀਤੇ ਜਾਣਗੇ, ਕਿਉਂਕਿ ਹਾਲਾਤ 'ਕਰੋ ਜਾਂ ਮਰੋ' ਦੇ ਹੋ ਗਏ ਹਨ। ਇਹ ਪਹਿਲੀ ਵਾਰ ਹੈ ਜਦੋਂ ਹਿਜ਼ਬੁਲ ਨੇ ਅਜਿਹੇ ਹਮਲਿਆਂ ਦੀ ਧਮਕੀ ਦਿੱਤੀ ਹੈ। ਹਿਜ਼ਬੁਲ ਨੇ 17 ਮਿੰਟ ਦਾ ਆਡੀਓ ਮੈਸੇਜ ਸੋਸ਼ਲ ਮੀਡੀਆ 'ਤੇ ਰਿਲੀਜ਼ ਕੀਤਾ ਹੈ, ਜਿਸ ਵਿੱਚ ਉਸ ਦਾ ਆਪ੍ਰੇਸ਼ਨਲ ਕਮਾਂਡਰ ਰਿਆਜ਼ ਨਾਇਕੂ ਕਹਿੰਦਾ ਹੈ ਕਿ ਜਦੋਂ ਤੱਕ ਫੌਜ ਅਤੇ ਭਾਰਤ ਦੀਆਂ ਏਜੰਸੀਆਂ ਕਸ਼ਮੀਰ ਵਿੱਚ ਹਨ, ਨੂੰ ਰੋਣ ਲਈ ਮਜਬੂਰ ਹੋਣਾ ਪਏਗਾ। ਰਿਆਜ਼ ਇਸ ਸਮੇਂ ਵਾਦੀ ਵਿੱਚ ਸਭ ਤੋਂ ਵੱਧ ਸਰਗਰਮ ਅੱਤਵਾਦੀ ਹਨ।

# ਐਸ ਐਸ ਐਲ ਵੀ ਦੋ ਰੱਖਿਆ ਉਪ ਗ੍ਰਹਿ ਲਾਂਚ ਕਰੇਗਾ

ਚੇਨਈ, 21 ਫਰਵਰੀ (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਜੁਲਾਈ-ਅਗਸਤ ਵਿੱਚ ਆਪਣੇ ਨਵੇਂ ਛੋਟਾ ਉਪ ਗ੍ਰਹਿ ਲਾਂਚਿੰਗ ਵਾਹਨ (ਐਸ ਐਸ ਐਲ ਵੀ) ਰਾਹੀਂ ਦੋ ਹਲਕੇ ਰੱਖਿਆ ਉਪ ਗ੍ਰਹਿ ਲਾਂਚ ਕਰੇਗਾ।

ਇਸ ਸੰਬੰਧ ਵਿੱਚ ਇਸਰੋ ਦੇ ਮੁਖੀ ਕੇ ਸਿਵਾਨ ਨੇ ਕਿਹਾ ਕਿ ਅਸੀਂ ਇਸ ਜੁਲਾਈ ਜਾਂ ਅਗਸਤ 'ਚ ਆਪਣੇ ਨਵੇਂ ਐਸ ਐਸ ਐਲ ਵੀ ਰਾਕਟ ਰਾਹੀਂ ਹਰੇਕ 120 ਕਿਲੋਗ੍ਰਾਮ ਦੇ ਦੋ ਰੱਖਿਆ ਉਪਗ੍ਰਹਿ ਛੱਡਣ ਦੀ ਯੋਜਨਾ ਬਣਾ ਰਹੇ ਹਾਂ। ਇਸ ਰਾਕਟ ਦੇ ਡਿਜ਼ਾਈਨ ਦੀ ਪਿੱਛੇ ਜਿਹੇ ਤਕਨੀਕੀ ਤੌਰ 'ਤੇ ਪੂਰੀ ਸਮੀਖਿਆ ਕੀਤੀ ਗਈ। ਉਨ੍ਹਾਂ ਦੱਸਿਆ ਕਿ ਆਪਣੀ ਪਹਿਲੀ ਉਡਾਣ 'ਚ ਐਸ ਐਸ ਐਲ ਵੀ ਕੁੱਲ 500 ਕਿਲੋਗ੍ਰਾਮ ਭਾਰ ਲੈ ਕੇ ਜਾਵੇਗਾ। 120 ਕਿਲੋਗ੍ਰਾਮ ਵਾਲੇ ਦੋ ਰੱਖਿਆ ਗ੍ਰਹਿਆਂ ਨਾਲ ਹੀ ਐਡਾਪਟਰ ਤੇ ਹੋਰ ਉਪਕਰਨ ਵੀ ਹੋਣਗੇ, ਜਿਨ੍ਹਾਂ ਦਾ ਵਜ਼ਨ ਲਗਭਗ ਤਿੰਨ ਸੌ ਕਿਲੋਗ੍ਰਾਮ ਹੋਵੇਗਾ। ਰਾਕਟ ਦਾ ਕੁੱਲ ਵਜ਼ਨ 110 ਟਨ ਹੈ। ਇਸਰੋ ਲਈ ਐਂਟ੍ਰਿਕਸ ਕਾਰਪੋਰੇਸ਼ਨ ਤੋਂ ਇਲਾਵਾ ਇਕ ਹੋਰ ਵਪਾਰਕ ਕੰਪਨੀ ਦੀ ਲੋੜ ਬਾਰੇ ਪੁੱਛੇ ਜਾਣ 'ਤੇ ਸਿਵਾਨ ਨੇ ਕਿਹਾ ਕਿ ਅਸੀਂ ਐਸ ਐਸ ਐਲ ਵੀ ਦੇ ਨਿਰਮਾਣ 'ਚ ਤੇਜ਼ੀ ਲਿਆਉਣਾ ਚਾਹੁੰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਹਰ ਮਹੀਨੇ ਦੋ ਤੋਂ ਤਿੰਨ ਐਸ ਐਸ ਐਲ ਵੀ ਰਾਕਟ ਦੀ ਮੰਗ ਹੋਵੇਗੀ। ਇਸ ਤੋਂ ਇਲਾਵਾ ਅਸੀਂ ਧਰੁਵੀ ਉਪ ਗ੍ਰਹਿ ਲਾਂਚਿੰਗ ਵਾਹਨ (ਪੀ ਐਸ ਐਲ ਵੀ) ਦਾ ਨਿਰਮਾਣ ਵੀ ਵਧਾਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਨਿਰਮਾਣ 'ਚ ਤੇਜ਼ੀ ਦੇ ਟੀਚੇ ਨੂੰ ਹਾਸਲ ਕਰਨ ਲਈ ਨਿੱਜੀ ਖੇਤਰ ਦੀ ਭਾਈਵਾਲੀ ਜ਼ਰੂਰੀ ਲੱਗ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਬੀਤੇ ਦਿਨੀਂ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਇਸਰੋ ਅਤੇ ਉਸ ਦੀਆਂ ਸਹਿਯੋਗੀ ਇਕਾਈਆਂ ਵੱਲੋਂ ਖੋਜ ਤੇ ਵਿਕਾਸ ਦੇ ਖੇਤਰ 'ਚ ਕੀਤੇ ਜਾ ਰਹੇ ਕਾਰਜਾਂ ਦੇ ਵਪਾਰਕ ਵਰਤੋਂ ਲਈ ਪੁਲਾੜ ਵਿਭਾਗ (ਡੀ ਓ ਐਸ) ਹੇਠ ਇਕ ਨਵੀਂ ਕੰਪਨੀ ਦੇ ਗਠਨ ਨੂੰ ਮਨਜ਼ੂਰੀ ਦਿੱਤੀ ਗਈ। ਇਸਰੋ ਪ੍ਰੋਗਰਾਮ ਦੇ ਵਪਾਰਕ ਲਾਭ ਲਈ ਵੀ ਯੋਜਨਾ ਬਣਾਈ ਗਈ ਹੈ। ਇਸਰੋ ਆਪਣੇ ਛੋਟੇ ਉਪਗ੍ਰਹਿਆਂ ਦੀ ਤਕਨੀਕ ਨੂੰ ਵੇਚ ਕੇ ਮਾਲੀਏ ਦੀ ਕਮਾਈ ਕਰ ਸਕਦਾ ਹੈ। ਇਹ ਵਿਕਰੀ ਉਨ੍ਹਾਂ ਕੰਪਨੀਆਂ ਨੂੰ ਕੀਤੀ ਜਾ ਸਕਦੀ ਹੈ ਜੋ ਡੀ ਓ ਐਸ/ਇਸਰੋ ਤੋਂ ਲਾਇਸੈਂਸ ਲੈ ਕੇ ਉਸ ਨੂੰ ਦੂਜੇ ਉਦਯੋਗਾਂ ਨੂੰ ਦਿੰਦੀਆਂ ਹਨ ਤੇ ਜੋ ਨਿੱਜੀ ਖੇਤਰ ਨਾਲ ਮਿਲ ਕੇ ਐਸ ਐਸ ਐਲ ਵੀ ਦਾ ਨਿਰਮਾਣ ਕਰਦੀਆਂ ਹਨ।

# ਦਿੱਲੀ ਸਰਕਾਰ ਚੌਟਾਲਾ ਦੀ ਰਿਹਾਈ ਦਾ ਫੈਸਲਾ ਚਾਰ ਹਫਤਿਆਂ ਵਿੱਚ ਕਰੋ: ਹਾਈ ਕੋਰਟ

ਨਵੀਂ ਦਿੱਲੀ, 21 ਫਰਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇੱਕ ਨੋਟਿਸ ਜਾਰੀ ਕਰ ਕੇ ਦਿੱਲੀ ਹਾਈ ਕੋਰਟ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ (83) ਦੀ ਮਿਥੇ ਸਮੇਂ ਤੋਂ ਪਹਿਲਾਂ ਰਿਹਾਈ ਦੀ ਅਪੀਲ 'ਤੇ ਚਾਰ ਹਫਤਿਆਂ ਦੇ ਅੰਦਰ ਫੈਸਲਾ ਕਰਨ ਲਈ ਕਿਹਾ ਹੈ।

ਜਸਟਿਸ ਸਿਧਾਰਥ ਮ੍ਰਿਦੁਲ ਅਤੇ ਜਸਟਿਸ ਪ੍ਰਤੀਕ ਜਾਲਾਨ ਦੇ ਬੈਂਚ ਨੇ ਇਹ ਹੁਕਮ ਓਮ ਪ੍ਰਕਾਸ਼ ਚੌਟਾਲਾ ਵੱਲੋਂ ਦਾਇਰ ਪਟੀਸ਼ਨ ਉੱਤੇ ਕੀਤੇ ਹਨ। ਚੌਟਾਲਾ ਨੇ ਪਟੀਸ਼ਨ ਵਿੱਚ ਅਪੀਲ ਕੀਤੀ ਸੀ ਕਿ ਕੇਂਦਰ ਦੀ ਕੈਦੀਆਂ ਨੂੰ ਵਿਸ਼ੇਸ਼ ਛੋਟ ਦੀ ਨੀਤੀ ਹੇਠ ਉਨ੍ਹਾਂ ਨੂੰ ਵੀ ਜੇਲ੍ਹ ਤੋਂ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਸਾਬਕਾ ਮੁੱਖ ਮੰਤਰੀ ਚੌਟਾਲਾ ਨੇ ਕਿਹਾ ਕਿ ਉਨ੍ਹਾਂ ਦੀ ਉਮਰ ਅਤੇ ਕਮਜ਼ੋਰ ਸਰੀਰ ਦੇ ਕਾਰਨ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕੀਤਾ ਜਾਵੇ। ਇਸ ਸੰਬੰਧ ਵਿੱਚ ਚੌਟਾਲਾ ਨੇ ਪਟੀਸ਼ਨ ਵਿੱਚ ਦਾਅਵਾ ਕੀਤਾ ਹੈ ਕਿ ਪਿਛਲੇ ਸਾਲ ਦਸੰਬਰ ਵਿੱਚ ਉਨ੍ਹਾਂ ਨੇ ਮਿਥੇ ਸਮੇਂ ਤੋਂ ਪਹਿਲਾਂ ਰਿਹਾਈ ਕਰਨ ਦੇ ਲਈ ਅਰਜ਼ੀ ਦਿੱਤੀ ਸੀ, ਜਿਸ 'ਤੇ ਦਿੱਲੀ ਸਰਕਾਰ ਨੇ ਅਜੇ ਤੱਕ ਫੈਸਲਾ ਨਹੀਂ ਕੀਤਾ। ਅਦਾਲਤ ਨੇ ਚੌਟਾਲਾ ਦੀ ਅਪੀਲ ਉੱਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚਾਰ ਹਫਤਿਆਂ ਅੰਦਰ ਫੈਸਲਾ ਲੈਣ ਦਾ ਹੁਕਮ ਕਰ ਦਿੱਤਾ। ਨਾਲ ਅਦਾਲਤ ਨੇ ਇਹ ਵੀ ਕਿਹਾ ਹੈ ਕਿ ਕਾਨੂੰਨ ਮੁਤਾਬਕ ਹੁਕਮ ਜਾਰੀ ਕੀਤੇ ਜਾਣ।




ਦਿੱਲੀ ਸਰਕਾਰ ਦੇ ਵਕੀਲ ਰਾਹੁਲ ਮਹਿਰਾ ਨੇ ਅਦਾਲਤ ਨੂੰ ਯਕੀਨ ਦਿਵਾਇਆ ਕਿ ਚੌਟਾਲਾ ਦੇ ਯਾਦਪੱਤਰ 'ਤੇ ਫੈਸਲਾ ਕੀਤਾ ਜਾਵੇਗਾ। ਨਾਲ ਹੀ ਰਾਹੁਲ ਮਹਿਰਾ ਨੇ ਸੁਣਵਾਈ ਦੌਰਾਨ ਓਮ ਪ੍ਰਕਾਸ਼ ਚੌਟਾਲਾ ਦੀ ਸਜ਼ਾ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਰਿਹਾਅ ਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਭ੍ਰਿਸ਼ਟਾਚਾਰ ਦੇ ਗੰਭੀਰ ਜੁਰਮ ਦੇ ਦੋਸ਼ੀ ਪਾਏ ਗਏ ਹਨ। ਮਹਿਰਾ ਨੇ ਤਰਕ ਦਿੱਤਾ ਕਿ ਚੌਟਾਲਾ ਦੀ ਇਸ ਮਾਮਲੇ ਵਿੱਚ ਕਈ ਵਾਰ ਪੈਰੋਲ ਤੇ ਫਰਲੋ ਮਨਜ਼ੂਰ ਕੀਤੀ ਗਈ ਹੈ।


PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿਰਫ਼ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal Barrister, Solicitor
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਕ੍ਰਿਕਟ ਕੋਚ ਇਰਫਾਨ ਅੰਸਾਰੀ ਉੱਤੇ ਲੱਗੀ 10 ਸਾਲ ਦੀ ਪਾਬੰਦੀ



ਦੁਬਈ, 21 ਫਰਵਰੀ (ਪੋਸਟ ਬਿਊਰੋ)- ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਕੱਲ੍ਹ ਯੂ ਏ ਈ ਵਿੱਚ ਰਹਿਣ ਵਾਲੇ ਕੋਚ ਇਰਫਾਨ ਅੰਸਾਰੀ ਉੱਤੇ 10 ਸਾਲ ਲਈ ਪਾਬੰਦੀ ਲਾ ਦਿੱਤੀ। ਅੰਸਾਰੀ ਨੂੰ 2017 ਵਿੱਚ ਪਾਕਿਸਤਾਨ ਦੇ ਕਪਤਾਨ ਸਰਫਰਾਜ਼ ਅਹਿਮਦ ਨਾਲ 'ਭ੍ਰਿਸ਼ਟ ਸੰਪਰਕ' ਕਰਨ ਦਾ ਦੋਸ਼ੀ ਪਾਇਆ ਗਿਆ ਹੈ।

ਇਸ ਸੰਬੰਧ ਵਿੱਚ ਆਈ ਸੀ ਸੀ ਨੇ ਕਿਹਾ ਕਿ ਇਸ ਦੇ ਭ੍ਰਿਸ਼ਟਾਚਾਰ ਰੋਕੂ ਟ੍ਰਿਬਿਊਨਲ ਨੇ ਇਰਫਾਨ ਅੰਸਾਰੀ ਨੂੰ ਇਥੇ ਸੁਣਵਾਈ ਦੌਰਾਨ ਭ੍ਰਿਸ਼ਟਾਚਾਰ ਰੋਕੂ ਜ਼ਾਬਤੇ ਦੇ ਤਿੰਨ ਨਿਯਮਾਂ ਦੇ ਉਲੰਘਣ ਦਾ ਦੋਸ਼ੀ ਪਾਇਆ ਹੈ, ਜਿਸ ਤੋਂ ਬਾਅਦ ਉਨ੍ਹਾਂ 'ਤੇ ਪਾਬੰਦੀ ਲਾਈ ਗਈ। ਪਾਕਿਸਤਾਨ ਕ੍ਰਿਕਟ ਟੀਮ ਨਾਲ ਜੁੜੇ ਹੋਣ ਅਤੇ ਯੂ ਏ ਈ ਦੇ ਘਰੇਲੂ ਕ੍ਰਿਕਟ ਵਿੱਚ ਹਿੱਸਾ ਲੈਣ ਵਾਲੀਆਂ ਦੋ ਟੀਮਾਂ ਦਾ ਕੋਚ ਹੋਣ ਕਾਰਨ ਅੰਸਾਰੀ ਆਈ ਸੀ ਸੀ ਦੇ ਜ਼ਾਬਤੇ ਨਾਲ ਬੱਝੇ ਹੋਏ ਹਨ। ਆਈ ਸੀ ਸੀ ਦੇ ਏ ਸੀ ਯੂ ਜਨਰਲ ਮੈਨੇਜਰ ਐਲੇਕਸ ਮਾਰਸ਼ਲ ਨੇ ਕਿਹਾ ਕਿ ਮੈਂ ਸਰਫਰਾਜ਼ ਅਹਿਮਦ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਇਸ ਸੰਪਰਕ ਦੀ ਜਾਣਕਾਰੀ ਦੇ ਕੇ ਅਸਲੀ ਅਗਵਾਈ ਵਾਲੀ ਯੋਗਤਾ ਅਤੇ ਪੇਸ਼ੇਵਰ ਵਤੀਰਾ ਦਿਖਾਇਆ। ਉਨ੍ਹਾਂ ਨੇ ਪਛਾਣਿਆ ਕਿ ਇਹ ਕੀ ਹੈ, ਇਸ ਨੂੰ ਰੱਦ ਕੀਤਾ ਅਤੇ ਸ਼ਿਕਾਇਤ ਕੀਤੀ। ਉਨ੍ਹਾਂ ਨੇ ਇਸ ਤੋਂ ਬਾਅਦ ਸਾਡੀ ਜਾਂਚ ਤੇ ਫਿਰ ਟ੍ਰਿਬਿਊਨਲ ਵਿੱਚ ਸਹਿਯੋਗ ਕੀਤਾ।

ਵਰਨਣ ਯੋਗ ਹੈ ਕਿ ਇਰਫਾਨ ਅੰਸਾਰੀ ਨੇ ਅਕਤੂਬਰ 2017 ਵਿੱਚ ਯੂ ਏ ਈ ਵਿੱਚ ਸ੍ਰੀਲੰਕਾ ਖਿਲਾਫ ਸੀਰੀਜ਼ ਦੌਰਾਨ ਸਰਫਰਾਜ਼ ਨਾਲ ਸੰਪਰਕ ਕੀਤਾ ਸੀ। ਉਸ ਦਾ ਇਰਾਦਾ ਸਰਫਰਾਜ਼ ਤੋਂ ਸੂਚਨਾਵਾਂ ਹਾਸਲ ਕਰਕੇ ਉਸ ਨੂੰ ਭ੍ਰਿਸ਼ਟ ਸਰਗਰਮੀਆਂ ਵਿੱਚ ਸ਼ਾਮਲ ਕਰਨਾ ਸੀ। ਸਰਫਰਾਜ਼ ਨੇ ਇਸ ਦੀ ਸ਼ਿਕਾਇਤ ਕੀਤੀ, ਜਿਸ ਤੋਂ ਬਾਅਦ ਆਈ ਸੀ ਸੀ ਏ ਸੀ ਯੂ ਨੇ ਜਾਂਚ ਸ਼ੁਰੂ ਕੀਤੀ। ਮੀਡੀਆ ਵਿੱਚ ਆਈਆਂ ਖਬਰਾਂ ਮੁਤਾਬਕ ਅੰਸਾਰੀ ਨੇ 30 ਸਾਲ ਤੱਕ ਸ਼ਾਰਜਾਹ ਕ੍ਰਿਕਟ ਕੌਂਸਲ ਨਾਲ ਕੰਮ ਕੀਤਾ ਤੇ ਉਹ ਸ਼ਾਰਜਾਹ ਕ੍ਰਿਕਟ ਕਲੱਬ ਦਾ ਮੁੱਖ ਕੋਚ ਸੀ।

## ਮਸੂਦ ਅਜ਼ਹਰ ਨੇ ਆਡੀਓ ਜਾਰੀ ਕਰ ਕੇ ਸਫਾਈ ਦਿੱਤੀ



ਇਸਲਾਮਾਬਾਦ, 21 ਫਰਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਪਿਛਲੀ 14 ਫਰਵਰੀ ਨੂੰ ਸੀ ਆਰ ਪੀ ਐੱਫ ਦੇ ਕਾਫ਼ਿਲੇ ਉਤੇ ਹੋਏ ਅੱਤਵਾਦੀ ਹਮਲੇ ਤੋਂ ਇਕ ਹਫ਼ਤਾ ਬਾਅਦ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਨੇ ਆਡੀਓ ਜਾਰੀ ਕਰ ਕੇ ਕਿਹਾ ਹੈ ਕਿ ਪੁਲਵਾਮਾ ਹਮਲੇ 'ਚ ਉਸ ਦਾ ਕਿਸੇ ਤਰ੍ਹਾਂ ਦਾ ਹੱਥ ਨਹੀਂ ਸੀ। ਹਮਲੇ ਤੋਂ ਬਾਅਦ ਇਸ ਦੀ ਜ਼ਿੰਮੇਵਾਰੀ ਜੈਸ਼-ਇ-ਮੁਹੰਮਦ ਨੇ ਲਈ ਸੀ, ਜਿਸ ਦਾ ਮੁਖੀ ਮਸੂਦ ਅਜ਼ਹਰ ਹੈ।

ਇਸ ਆਡੀਓ ਵਿੱਚ ਮਸੂਦ ਨੇ ਕਿਹਾ ਕਿ ਨਰਿੰਦਰ ਮੋਦੀ ਕਸ਼ਮੀਰ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ ਹੈ। ਪੁਲਵਾਮਾ ਹਮਲੇ ਨਾਲ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਦੇ ਦੌਰਾਨ ਘਾਟਾ ਹੋਵੇਗਾ। ਮਸੂਦ ਅਜ਼ਹਰ ਨੇ ਕਿਹਾ, 'ਜਿੰਨੀਆਂ ਗਾਲ੍ਹਾਂ ਮੈਨੂੰ ਦੇਣੀਆਂ ਹਨ, ਦੇ ਲਓ, ਪਰ ਆਦਿਲ ਅਹਿਮਦ ਖ਼ਿਲਾਫ਼ ਕੁਝ ਨਾ ਕਹਿਣਾ। ਕਸ਼ਮੀਰ ਵਿੱਚ ਆਜ਼ਾਦੀ ਦੀ ਲੜਾਈ ਆਪਣੇ ਪੈਰਾਂ ਉੱਤੇ ਖੜ੍ਹੀ ਹੋ ਚੁੱਕੀ ਹੈ। ਓਥੇ ਕਿਸੇ ਵਿਦੇਸ਼ੀ ਤਾਕਤ ਦੀ ਲੋੜ ਨਹੀਂ। ਮੈਂ ਕਦੇ ਅੱਤਵਾਦੀ ਆਦਿਲ ਅਹਿਮਦ ਡਾਰ ਨੂੰ ਨਹੀਂ ਮਿਲਿਆ। ਉਸ ਨੇ ਕਿਹਾ, ਆਦਿਲ ਨੂੰ ਪੂਰੀ ਦੁਨੀਆ ਮੇਰੇ ਨਾਲ ਜੋੜ ਰਹੀ ਹੈ, ਪਰ ਮੇਰੀ ਹਸਰਤ ਹੈ ਕਿ ਕਾਸ਼ ਮੈਂ ਉਸ ਨੂੰ ਕਦੀ ਮਿਲਿਆ ਹੁੰਦਾ। ਜੇ ਆਦਿਲ ਦੇ ਕਾਰਨ ਮੈਨੂੰ ਮਾਰ ਦਿੱਤਾ ਜਾਵੇ ਤਾਂ ਕੋਈ ਦੁੱਖ ਨਹੀਂ ਹੋਵੇਗਾ, ਇਹ ਮੇਰੇ ਲਈ ਸ਼ਹਾਦਤ ਹੋਵੇਗੀ।

ਆਡੀਓ ਵਿੱਚ ਮਸੂਦ ਨੇ ਪਾਕਿਸਤਾਨੀ ਸਰਕਾਰ ਤੇ ਮੀਡੀਆ ਨੂੰ ਡਰਪੋਕ ਦੱਸਿਆ। ਉਸ ਨੇ ਕਿਹਾ ਕਿ ਪੁਲਵਾਮਾ ਹਮਲੇ ਤੋਂ ਬਾਅਦ ਇੱਥੋਂ ਦੀ ਮੀਡੀਆ ਅਤੇ ਸਰਕਾਰ ਦੋਵੇਂ ਡਰੇ ਹੋਏ ਹਨ। ਉਸ ਨੇ ਕਿਹਾ ਕਿ ਉਹ ਪਾਕਿਸਤਾਨ ਨੂੰ ਕਿਸੇ ਤਰ੍ਹਾਂ ਦੀ ਜੰਗ 'ਚ ਨਹੀਂ ਝੋਕਣਾ ਚਹੁੰਦੇ। ਚੀਨ ਹਮੇਸ਼ਾ ਪਾਕਿਸਤਾਨ ਦਾ ਸਮਰਥਨ ਕਰੇਗਾ, ਇਸ ਲਈ ਭਾਰਤ ਤੋਂ ਡਰਨ ਦੀ ਪਾਕਿਸਤਾਨ ਦੇ ਲੋਕਾਂ ਨੂੰ ਜ਼ਰੂਰਤ ਨਹੀਂ ਹੈ।

## ਆਈ ਐਸ ਵਿੱਚ ਸ਼ਾਮਲ ਹੋਈ ਕੁੜੀ ਦੀ ਬ੍ਰਿਟਿਸ਼ ਨਾਗਰਿਕਤਾ ਰੱਦ



ਲੰਡਨ, 21 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਨੇ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ 'ਚ ਸ਼ਾਮਲ ਹੋਣ ਲਈ ਚਾਰ ਸਾਲ ਪਹਿਲਾਂ ਘਰ ਤੋਂ ਭੱਜੀ ਬੰਗਲਾ ਦੇਸ਼ੀ ਮੂਲ ਦੀ ਕੁੜੀ ਸ਼ਮੀਮਾ ਬੇਗਮ (19) ਦੀ ਨਾਗਰਿਕਤਾ ਰੱਦ ਕਰ ਦਿੱਤੀ ਹੈ। ਸ਼ਮੀਮਾ ਨੇ ਇਸ ਨੂੰ ਆਪਣੇ ਨਾਲ ਨਾਇਨਸਾਫੀ ਦੱਸਿਆ ਹੈ।

ਪਿਛਲੇ ਦਿਨੀਂ ਸੀਰੀਆ ਦੇ ਇਕ ਸ਼ਰਨਾਰਥੀ ਕੈਂਪ ਵਿੱਚ ਆਪਣੇ ਤੀਸਰੇ ਬੱਚੇ ਨੂੰ ਜਨਮ ਦੇਣ ਵਾਲੀ ਸ਼ਮੀਮਾ ਬੇਗਮ ਨੇ ਬ੍ਰਿਟੇਨ ਪਰਤਣ ਦੀ ਇੱਛਾ ਪ੍ਰਗਟਾਈ ਸੀ। ਇਸ ਪਿੱਛੋਂ ਉਸ ਦੀ ਵਾਪਸੀ ਬਾਰੇ ਬ੍ਰਿਟੇਨ 'ਚ ਬਹਿਸ ਛਿੜ ਗਈ ਸੀ। ਸ਼ਮੀਮਾ ਦੇ ਪਰਵਾਰ ਨੂੰ ਬੀਤੇ ਦਿਨੀਂ ਗ੍ਰਹਿ ਮੰਤਰਾਲੇ ਦਾ ਪੱਤਰ ਮਿਲਿਆ ਜਿਸ ਵਿੱਚ ਉਸ ਦੀ ਨਾਗਰਿਕਤਾ ਖਤਮ ਕੀਤੇ ਜਾਣ ਦਾ ਜ਼ਿਕਰ ਕੀਤਾ ਗਿਆ ਸੀ। ਇਸ ਫੈਸਲੇ ਤੋਂ ਨਾਰਾਜ਼ ਸ਼ਮੀਮਾ ਨੇ ਕਿਹਾ ਕਿ ਮੈਂ ਹੈਰਾਨ ਹਾਂ। ਕਈ ਲੋਕਾਂ ਨੂੰ ਬ੍ਰਿਟੇਨ ਸਰਕਾਰ ਵਾਪਸ ਬੁਲਾ ਚੁੱਕੀ ਹੈ ਤਾਂ ਮੇਰਾ ਕੇਸ ਅਲੱਗ ਕਿਵੇਂ ਹੋ ਗਿਆ? ਉਸ ਦੇ ਪਰਵਾਰ ਵਾਲੇ ਵੀ ਸਰਕਾਰ ਦੇ ਇਸ ਕਦਮ ਤੋਂ ਹੈਰਾਨ ਹਨ। ਆਈ ਐਸ ਵਿੱਚ ਸ਼ਾਮਲ ਹੋਣ ਲਈ ਸ਼ਮੀਮਾ 2015 'ਚ ਆਪਣੀਆਂ ਦੋ ਜਮਾਤਣਾਂ ਨਾਲ ਸੀਰੀਆ ਪੁੱਜ ਗਈ ਸੀ। ਉਥੇ ਉਸ ਨੇ ਇਕ ਅੱਤਵਾਦੀ ਨਾਲ ਨਿਕਾਹ ਕਰ ਲਿਆ। ਉਸ ਦੇ ਦੋ ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਬੀਤੇ ਦਿਨੀਂ ਈ ਐਸ ਦੇ ਕਬਜ਼ੇ ਵਾਲੇ ਇਕਲੌਤੇ ਸੀਰੀਆਈ ਪਿੰਡ ਤੋਂ ਭੱਜ ਕੇ ਆਉਣ ਪਿੱਛੋਂ ਸ਼ਰਨਾਰਥੀ ਕੈਂਪ 'ਚ ਉਸ ਨੇ ਆਪਣੇ ਤੀਜੇ ਬੱਚੇ ਨੂੰ ਜਨਮ ਦਿੱਤਾ ਸੀ।

## ਅਮਰੀਕਾ ਇੱਕ ਸਪੇਸ ਆਰਮੀ ਵੀ ਬਣਾਉਣ ਲੱਗਾ

ਵਾਸ਼ਿੰਗਟਨ, 21 ਫਰਵਰੀ (ਪੋਸਟ ਬਿਊਰੋ)- ਜਲ, ਥਲ ਤੇ ਹਵਾ ਵਿੱਚ ਮਜ਼ਬੂਤ ਸੈਨਾ ਤੋਂ ਬਾਅਦ ਅਮਰੀਕਾ ਨੇ ਪੁਲਾੜ ਵਿੱਚ ਫੌਜ ਬਣਾਉਣ ਦੀ ਵੀ ਤਿਆਰੀ ਕਰ ਲਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੌਜੀ ਹੈਡਕੁਆਰਟਰ ਪੈਂਟਾਗਨ ਨੂੰ ਸਪੇਸ ਆਰਮੀ ਦੇ ਗਠਨ ਲਈ ਖਰੜਾ ਤਿਆਰ ਕਰਨ ਦਾ ਨਿਰਦੇਸ਼ ਦਿੱਤਾ ਹੈ। ਵ੍ਹਾਈਟ ਹਾਊਸ ਨੇ ਪੁਲਾੜ 'ਚ ਅਮਰੀਕੀ ਗਲਬੇ ਦੀ ਦਿਸ਼ਾ 'ਚ ਇਸ ਨੂੰ ਵੱਡਾ ਤੇ ਰਣਨੀਤਕ ਤੌਰ 'ਤੇ ਅਹਿਮ ਕਦਮ ਦੱਸਿਆ ਹੈ।

ਇਸ ਸੰਬੰਧ ਵਿੱਚ ਡੋਨਾਲਡ ਟਰੰਪ ਨੇ ਕਿਹਾ ਕਿ ਦੁਨੀਆ ਤੋਂ ਪਰੇ ਸਾਡੇ ਕਦਮ ਸਿਰਫ ਰਾਸ਼ਟਰੀ ਪਛਾਣ ਨਹੀਂ, ਕੌਮੀ ਸੁਰੱਖਿਆ ਦਾ ਵੀ ਮਾਮਲਾ ਹੈ। ਸਪੇਸ ਪਾਲਿਸੀ ਡਾਇਰੈਕਟਿਵ-ਚਾਰ ਵਿੱਚ ਰੱਖਿਆ ਮੰਤਰੀ ਨੂੰ ਹਥਿਆਰਬੰਦ ਫੌਜਾਂ ਦੀ ਛੇਵੀਂ ਬਰਾਂਚ ਦੇ ਰੂਪ 'ਚ ਸਪੇਸ ਆਰਮੀ ਬਣਾਉਣ ਬਾਰੇ ਇਕ ਤਜਵੀਜ਼ ਬਣਾਉਣ ਨੂੰ ਕਿਹਾ ਹੈ। ਵ੍ਹਾਈਟ ਹਾਊਸ ਨੇ ਦੱਸਿਆ ਕਿ ਮੁੱਢਲੇ ਤੌਰ ਉੱਤੇ ਹਵਾਈ ਫੌਜ ਵਿੱਚ ਹੀ ਸਪੇਸ ਆਰਮੀ ਦਾ ਗਠਨ ਹੋਵੇਗਾ। ਪਿਛਲੇ ਸਾਲ ਜੂਨ 'ਚ ਟਰੰਪ ਨੇ ਕਿਹਾ ਸੀ ਕਿ ਸਪੇਸ ਆਰਮੀ ਅਮਰੀਕੀ ਹਵਾਈ ਫੌਜ ਤੋਂ ਵੱਖ ਹੈ, ਪਰ ਉਸ ਦੇ ਬਰਾਬਰ ਯੂਨਿਟ ਹੋਵੇਗੀ। ਟਰੰਪ ਦੇ ਇਸ ਨਿਰਦੇਸ਼ ਦਾ ਵਿਰੋਧ ਵੀ ਹੋਣ ਲੱਗਿਆ ਹੈ। ਗਲੋਬਲ ਸਕਿਓਰਿਟੀ ਪ੍ਰੋਗਰਾਮ ਦੇ ਸੀਨੀਅਰ ਵਿਗਿਆਨੀ ਲਾਰਾ ਗ੍ਰੇਗੋ ਨੇ ਕਿਹਾ ਹੈ ਕਿ ਪੁਲਾੜ ਦੀ ਸੁਰੱਖਿਆ ਸਿਰਫ ਫੌਜੀ ਮਾਧਿਅਮਾਂ ਨਾਲ ਸੰਭਵ ਨਹੀਂ। ਇਸ ਲਈ ਪੁਲਾੜ ਮੁਹਿੰਮਾਂ 'ਚ ਜੁੜੇ ਹੋਰ ਦੇਸ਼ਾਂ ਤੋਂ ਸਹਿਯੋਗ ਦੀ ਲੋੜ ਹੋਵੇਗੀ। ਜੇ ਇਹ ਨੀਤੀ ਪੁਲਾੜ 'ਚ ਹਥਿਆਰਾਂ ਦੀ ਹੋੜ ਦਾ ਕਾਰਨ ਬਣੀ ਤਾਂ ਇਹ ਸਹੀ ਨਹੀਂ ਹੋਵੇਗਾ। ਟਰੰਪ ਦਾ ਇਹ ਵਿਚਾਰ ਅਜੇ ਸ਼ੁਰੂਆਤੀ ਪੱਧਰ 'ਤੇ ਹੈ।


ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?

ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!

If you have 'G' license, 3 years experience & a clean record call today for the lowest & best insurance rates

Sujit Majumdar
Agent
Cell: 647-292-1996

Paying too much for auto insurance?
Call today for best & low rates!

27 Rean Drive, Unit 11,
Toronto, ON M2K 0A6


## ਕੰਜ਼ਰਵੇਟਿਵ ਪਾਰਟੀ ਦੇ ਤਿੰਨ ਅਤੇ ਲੇਬਰ ਪਾਰਟੀ ਦੇ ਇਕ ਐਮ ਪੀ ਦਾ ਅਸਤੀਫਾ



*ਕੰਜ਼ਰਵੇਟਿਵ ਪਾਰਟੀ ਦੇ ਐਮ ਪੀਜ ਹਈਦੀ ਐਲਨ ਅਤੇ ਐਨਾ ਸੌਬਰੇ ਅਸਤੀਫਾ ਦੇਣ ਮਗਰੋਂ।*

ਲੰਡਨ, 21 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਬ੍ਰੈਗਜ਼ਿਟ (ਐਗਜ਼ਿਟ ਯੂਰਪੀਨ ਯੂਨੀਅਨ) ਬਾਰੇ ਚੱਲਦੀ ਖਿਚੋਤਾਣ ਨਵਾਂ ਸਿਆਸੀ ਰੂਪ ਲੈਂਦੀ ਨਜ਼ਰ ਆ ਰਹੀ ਹੈ। ਕੱਲ੍ਹ ਕੰਜ਼ਰਵੇਟਿਵ ਪਾਰਟੀ ਦੇ ਤਿੰਨ ਐਮ ਪੀਜ਼ ਐਨਾ ਸੌਬਰੇ, ਹਈਦੀ ਐਲਨ, ਸਾਰਾਹ ਵੋਲਸਟਨ ਨੇ ਪਾਰਟੀ ਤੋਂ ਅਸਤੀਫਾ ਦਿੱਤਾ ਹੈ। ਇਕ ਲੇਬਰ ਐਮ ਪੀ ਜੋਏਨ ਰੇਆਨ ਨੇ ਵੀ ਅਸਤੀਫਾ ਦੇ ਦਿੱਤਾ ਹੈ, ਜਿਸ ਨਾਲ ਨਵੇਂ ਬਣੇ ਗਰੁੱਪ ਦੀ ਗਿਣਤੀ ਵਧ ਕੇ 11 ਹੋ ਗਈ ਹੈ।

ਕੰਜ਼ਰਵੇਟਿਵ ਪਾਰਟੀ ਦੇ ਐਮ ਪੀਜ਼ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਬ੍ਰੈਗਜ਼ਿਟ ਨੂੰ ਲੈ ਕੇ ਫੇਲ੍ਹ ਹੋ ਗਈ ਹੈ। ਉਕਤ ਮੈਂਬਰਾਂ ਨੇ ਪ੍ਰਧਾਨ ਮੰਤਰੀ ਥੈਰੀਸਾ ਮੇਅ ਨੂੰ ਇਕ ਸਾਂਝਾ ਪੱਤਰ ਲਿਖ ਕੇ ਆਪਣੀ ਸਥਿਤੀ ਸਪੱਸ਼ਟ ਕੀਤੀ ਹੈ। ਉਨ੍ਹਾਂ ਕਿਹਾ ਕਿ ਕੰਜ਼ਰਵੇਟਿਵ ਪਾਰਟੀ ਨੂੰ ਬ੍ਰੈਗਜ਼ਿਟ ਨੇ ਮੁੜ ਪ੍ਰਭਾਸ਼ਿਤ ਕੀਤਾ ਹੈ, ਆਧੁਨਿਕੀਕਰਨ ਦੇ ਸਾਰੇ ਯਤਨਾਂ ਨੂੰ ਨਸ਼ਟ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਆਰਥਿਕਤਾ, ਸੁਰੱਖਿਆ ਅਤੇ ਜਨਤਕ ਸੇਵਾਵਾਂ ਦੇ ਸੁਧਾਰ ਆਦਿ ਮੁੱਦਿਆਂ 'ਤੇ ਸਰਕਾਰ ਦੀ ਹਮਾਇਤ ਕਰਨਗੇ। ਉਕਤ ਪਾਰਲੀਮੈਂਟ ਮੈਂਬਰਾਂ ਨੂੰ ਕੱਲ੍ਹ ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਪ੍ਰਸ਼ਨ ਕਾਲ ਮੌਕੇ ਲੇਬਰ ਪਾਰਟੀ ਤੋਂ ਵੱਖ ਹੋਏ ਮੈਂਬਰਾਂ ਨਾਲ ਬੈਂਚਾਂ 'ਤੇ ਬੈਠੇ ਵੇਖਿਆ ਗਿਆ। ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਇਸ 'ਤੇ ਅਫਸੋਸ ਪ੍ਰਗਟ ਕੀਤਾ ਅਤੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਦੇਸ਼ ਲਈ ਚੰਗਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੱਠ ਲੇਬਰ ਪਾਰਟੀ ਦੇ ਐਮ ਪੀਜ਼ ਅਤੇ ਤਿੰਨ ਕੰਜ਼ਰਵੇਟਿਵ ਐਮ ਪੀਜ਼ ਵੱਲੋਂ ਅਸਤੀਫਾ ਦੇਣ ਪਿੱਛੋਂਆਜ਼ਾਦ ਗਰੁੱਪ ਦੇ ਮੈਂਬਰਾਂ ਦੀ ਗਿਣਤੀ ਮੌਜੂਦਾ ਡੈਮੋਕ੍ਰੇਟਿਕ ਯੂਨੀਅਨਿਸਟ ਪਾਰਟੀ ਨਾਲੋਂ ਵੱਧ ਅਤੇ ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਬਰਾਬਰ ਹੋ ਗਈ ਹੈ।

ਜ਼ਿਕਰ ਯੋਗ ਹੈ ਕਿ ਮੌਜੂਦਾ ਸਰਕਾਰ ਡੈਮੋਕ੍ਰੇਟਿਕ ਯੂਨੀਅਨਿਸਟ ਪਾਰਟੀ ਦੇ ਸਹਿਯੋਗ ਨਾਲ ਚੱਲ ਰਹੀ ਹੈ ਜਦ ਕਿ ਇਸ ਤੋਂ ਪਹਿਲਾਂ ਕੈਮਰੂਨ ਸਰਕਾਰ ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਸਹਿਯੋਗ ਨਾਲ ਬਣੀ ਸੀ।


Call for Free Estimates

A-1 RENOVATION GTA INC

416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6



Honesty, Reliability, Commitment

HIRA RANDHWA
Broker
Dir:416.319.0551 Off:905.913.8585

- 1 yr Home Warranty
- 40% Discount on Brand Name Appliances & Furniture
- Free Evaluation & Lowest Commission

OPEN HOUSE UNTIL SOLD

www.HiraRandhawa.com hirarandhawa@yahoo.ca

Silvercity

| Brampton $579,900 | Malton $589,900 | Malton $599,000 | Brampton $729,000 |
|---|---|---|---|
| Hwy 10/Wlm Pkwy | Airport Rd/Steeles | Airport Rd/ Morning Star Dr | KingKnoll And Mclaughlin |
| 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's | 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance | 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple | 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple |

Call For:
RESP, SUPER -VISA,& TRAVEL
Insurance
H.Randhawa
416-319-0551



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



MICHELIN Hankook Continental ROADLUX BFGoodrich AEOLUS

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ

7 ਦਿਨ ਖੁੱਲਾ

SPECIAL ON TRUCK ALIGNMENT BRAND NEW MACHINES 2018

Chevron Delo

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca

Winter Sale Dhamaka

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਸ਼੍ਰੋਮਣੀ ਕਮੇਟੀ ਵੱਲੋਂ ਚਹੇਤੀ ਫਰਮ ਦੇ ਕੰਟਰੈਕਟ 'ਚ ਛੇ ਸਾਲ ਦਾ ਵਾਧਾ ਕਰਨ ਦੇ ਚਰਚੇ

*** ਲੱਗੇ ਹੱਥ ਫੀਸ ਵੀ 10 ਫੀਸਦੀ ਵਧਾ ਦਿੱਤੀ ਗਈ**

ਅੰਮ੍ਰਿਤਸਰ, 21 ਫਰਵਰੀ (ਪੋਸਟ ਬਿਊਰੋ)- ਗੁਰੂ ਘਰਾਂ ਵਿੱਚ ਸਿੱਖ ਸੰਗਤਾਂ ਵੱਲੋਂ ਸ਼ਰਧਾ ਨਾਲ ਭੇਟ ਕੀਤੇ ਜਾਂਦੇ ਚੜ੍ਹਾਵੇ ਨਾਲ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਸਿਆਸੀ ਆਕਾਵਾਂ ਦੇ ਹੁਕਮ ਉੱਤੇ ਇਕ ਚਹੇਤੀ ਆਡਿਟ ਫਰਮ ਨੂੰ ਕਰੋੜਾਂ ਰੁਪਏ ਫੀਸ ਦੇ ਸਾਲਾਨਾ ਗੱਫੇ ਦੇ ਕੇ ਉਸ ਨੂੰ ਲਾਭ ਪੁਚਾਇਆ ਤੇ ਨਾਲ ਹੀ ਉਸ ਦੇ ਕੰਟਰੈਕਟ ਦੀ ਮਿਆਦ ਛੇ ਸਾਲ ਲਈ ਵਧਾਉਣ ਮੌਕੇ ਉਸ ਨੂੰ ਦਿੱਤੀ ਜਾਂਦੀ ਫੀਸ ਵਿੱਚ 10 ਫੀਸਦੀ ਦੇ ਕਰੀਬ ਹੋਰ ਵਾਧਾ ਕੀਤੇ ਜਾਣ ਦੀ ਚਰਚਾ ਗੁਰੂ ਘਰ ਦੇ ਗਲਿਆਰਿਆਂ ਵਿੱਚ ਚੱਲ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਿਛਲੇ ਇਕ ਦਹਾਕੇ ਤੋਂ ਸ਼੍ਰੋਮਣੀ ਕਮੇਟੀ ਨੇ ਆਪਣੇ ਅਦਾਰਿਆਂ, ਪ੍ਰਿੰਟਿੰਗ ਪ੍ਰੈਸਾਂ ਅਤੇ ਸੈਕਸ਼ਨ 85 ਵਾਲੇ ਛੋਟੇ ਗੁਰਦੁਆਰਾ ਸਾਹਿਬਾਨ ਦੇ ਲੇਖੇ ਦਾ ਇੰਟਰਨਲ/ ਪ੍ਰੀ ਆਡਿਟ ਕਰਨ ਅਤੇ ਕਮੇਟੀ ਦੇ ਵਿੱਦਿਅਕ ਅਦਾਰਿਆਂ ਦਾ ਸਟੈਚੂਰੀ ਆਡਿਟ ਕਰਨ ਲਈ



ਚੰਡੀਗੜ੍ਹ ਦੀ ਫਰਮ ਐਸ ਐਸ ਕੋਹਲੀ ਐਂਡ ਐਸੋਸੀਏਟਸ ਨੂੰ ਜ਼ਿੰਮਾ ਸੌਂਪ ਰੱਖਿਆ ਹੈ। ਇਸ ਫਰਮ ਨੂੰ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਇਕ ਅਕਾਲੀ ਦਲ ਦੀ ਸਰਪ੍ਰਸਤੀ ਦੱਸੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਇਸ ਫਰਮ ਨੂੰ ਕੇਵਲ ਪ੍ਰੀ ਆਡਿਟ ਤੇ ਇੰਟਰਨਲ ਆਡਿਟ ਆਦਿ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਾਲਾਨਾ ਇਕ ਕਰੋੜ ਤੋਂ ਵਧੇਰੇ ਫੀਸ ਦਿੱਤੀ ਜਾਂਦੀ ਹੈ, ਪਰ ਸ਼੍ਰੋਮਣੀ ਕਮੇਟੀ ਦਾ ਫਾਈਨਲ ਆਡਿਟ ਸਰਕਾਰ ਵੱਲੋਂ ਪ੍ਰਵਾਨਿਤ ਆਡੀਟਰਾਂ ਵੱਲੋਂ ਹੀ ਕੀਤਾ ਜਾ ਸਕਦਾ ਹੈ। ਇਸ ਵਾਰੀ ਜਦੋਂ ਇਸ ਫਰਮ ਦੇ ਕੰਟਰੈਕਟ ਦੀ ਮਿਆਦ ਖਤਮ ਹੋਣ ਲੱਗੀ ਤਾਂ ਉਸ ਨੂੰ ਸ਼੍ਰੋਮਣੀ ਕਮੇਟੀ ਨੇ ਚੁੱਪ ਚਾਪ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਨਾਲ ਛੇ ਸਾਲ ਵਧਾ ਦਿੱਤਾ ਹੈ, ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਆਪਣਾ ਕਾਰਜਕਾਲ ਸਿਰਫ ਇਕ ਸਾਲ ਹੁੰਦਾ ਹੈ। ਇਸ ਫਰਮ ਵੱਲੋਂ ਕੀਤੇ ਜਾਂਦੇ ਪ੍ਰੀ ਆਡਿਟ ਅਤੇ ਇੰਟਰਨਲ ਆਡਿਟ ਦੀ ਸਮੁੱਚੀ ਫੀਸ ਇਕ ਕਰੋੜ ਦੇ ਕਰੀਬ ਬਣਦੀ ਸੀ, ਉਸ ਵਿੱਚ ਵੀ 10 ਪ੍ਰਤੀਸ਼ਤ ਦੇ ਕਰੀਬ ਵਾਧਾ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸੰਗਤਾਂ ਦੀ ਸ਼ਰਧਾ ਨਾਲ ਗੁਰੂ ਘਰ ਚੜ੍ਹਾਈ ਜਾਂਦੀ ਮਾਇਆ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ, ਪਰ ਇਸ ਆਡਿਟ ਫਰਮ, ਜਿਸ ਦੇ ਪ੍ਰੀ ਆਡਿਟ ਦੀ ਸ਼੍ਰੋਮਣੀ ਕਮੇਟੀ ਨੂੰ ਲੋੜ ਹੀ ਨਹੀਂ, ਸਾਲਾਨਾ ਇਕ ਕਰੋੜ ਤੋਂ ਵੱਧ ਰੁਪਿਆ ਬੇਲੋੜਾ ਖਰਚਿਆ ਜਾ ਰਿਹਾ ਹੈ ਤੇ ਇਸ ਵਿੱਚ ਹੋਰ ਵਾਧਾ ਕਰਨ ਦੀ ਤਿਆਰੀ ਚੱਲ ਰਹੀ ਹੈ।

# ਅਮਰਿੰਦਰ ਸਿੰਘ ਨੇ ਕਿਹਾ, 'ਨਸ਼ੇ ਵਾਲੇ ਵੱਡੇ ਬੰਦਿਆਂ ਦੇ ਮੈਨੂੰ ਨਾਂ ਦਿਓ, ਕੱਲ੍ਹ ਫੜ ਲਵਾਂਗੇ'

ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੱਲ੍ਹ ਨਸ਼ੇ ਦੇ ਮੁੱਦੇ 'ਤੇ ਬੋਲਣ ਵਾਲਿਆਂ ਨੂੰ ਜਵਾਬ ਦਿੱਤਾ ਕਿ 'ਕਹਿੰਦੇ ਨੇ, ਵੱਡੇ ਫੜੋ, ਨਸ਼ੇ ਵਾਲੇ ਵੱਡੇ ਬੰਦਿਆਂ ਦੇ ਮੈਨੂੰ ਨਾਂ ਦਿਓ, ਕੱਲ੍ਹ ਫੜ ਲਵਾਂਗੇ, ਕੋਈ ਮੁਸ਼ਕਿਲ ਨਹੀਂ ਹੈ।' ਉਨ੍ਹਾਂ ਕਿਹਾ ਕਿ ਨਸ਼ੇ 'ਤੇ ਬੋਲਣ ਵਾਲਿਆਂ ਨੂੰ ਕੀ ਲੱਗਦਾ ਹੈ ਕਿ ਸਪੈਸ਼ਲ ਟਾਸਕ ਫੋਰਸ ਘਰ ਬੈਠੀ ਹੈ, ਕੀ ਉਹ ਕੰਮ ਨਹੀਂ ਕਰਦੀ। ਟਾਸਕ ਫੋਰਸ ਲਗਾਤਾਰ ਰੇਡ ਕਰ ਰਹੀ ਹੈ ਤੇ ਜੋ ਸੂਚਨਾਵਾਂ ਮਿਲੀਆਂ ਹਨ, ਉਸ ਦੇ ਆਧਾਰ 'ਤੇ ਕਾਰਵਾਈ ਹੋ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਨਹੀਂ, ਦੇਸ਼ ਦੇ ਬਾਹਰ ਇਕ ਦੋ ਲੋਕ ਹਨ, ਜੋ ਨਸ਼ੇ ਦੇ ਕਾਰੋਬਾਰ 'ਚ ਸ਼ਾਮਲ ਸਨ ਤੇ ਜਦੋਂ ਵੀ ਉਹ ਇਥੇ ਆਏ ਤਾਂ ਵੀ ਫੜ ਲਏ ਜਾਣਗੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਸ਼ੇ ਬਾਰੇ ਸਰਕਾਰ ਖਿਲਾਫ ਬੋਲਣ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਸਪੈਸ਼ਲ ਟਾਸਕ ਫੋਰਸ ਜਿੰਨਾ ਕਰ ਸਕਦੀ ਹੈ, ਕਰ ਰਹੀ ਹੈ। ਮੁੱਖ ਮੰਤਰੀ ਨੇ ਪੁਲਸ ਦੇ ਅਫਸਰਾਂ ਦੀ ਨਿਯੁਕਤੀ ਬਾਰੇ ਵੀ ਦੋ-ਟੁੱਕ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਇਹ ਮੈਂ ਵੇਖਣਾ ਹੈ ਕਿ ਕਿਸ ਅਫਸਰ ਨੂੰ ਕਿੱਥੇ ਤਾਇਨਾਤ ਕਰਨਾ ਹੈ। ਫੋਰਸ ਬਿਹਤਰ ਕੰਮ ਕਰ ਰਹੀ ਹੈ, ਇਸ ਲਈ ਸਵਾਲ ਚੁੱਕਣ ਦਾ ਕੋਈ ਮਤਲਬ ਨਹੀਂ। ਪੰਜਾਬ 'ਚ ਨਸ਼ੇ ਦੇ ਵਪਾਰੀਆਂ ਦੀ ਕਮਰ ਟੁੱਟ ਚੁੱਕੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ੇ ਨਾਲ ਹੋਣ ਵਾਲੀਆਂ ਮੌਤਾਂ 'ਤੇ ਵੀ ਸਵਾਲ ਚੁੱਕਿਆ ਜਾਂਦਾ ਹੈ, ਪਰ ਸਿਰਫ ਉਨ੍ਹਾਂ ਦੀ ਮੌਤ ਹੋ ਰਹੀ ਹੈ, ਜੋ ਇਲਾਜ ਨਹੀਂ ਕਰਵਾ ਰਹੇ ਜਾਂ ਨਸ਼ੇ 'ਚ ਜ਼ਹਿਰ ਵਰਗੇ ਮਿਕਸਚਰ ਮਿਲਾ ਕੇ ਉਸ ਦਾ ਇਸਤੇਮਾਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲੇ ਸਰਕਾਰ ਨੂੰ ਦੋ ਸਾਲ ਹੋਏ ਹਨ ਅਤੇ 21039 ਕੇਸ ਦਰਜ ਕਰ ਕੇ 25092 ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਪੂਰਾ ਪੰਜਾਬ ਹਿਰਾਸਤ 'ਚ ਨਹੀਂ ਲਿਆ ਜਾ ਸਕਦਾ, ਸਭ ਕੁਝ ਸਿਸਟਮ ਅਨੁਸਾਰ ਚੱਲਦਾ ਹੈ।

# ਐਨ ਡੀ ਏ ਸਰਕਾਰ ਨੇ ਮੇਰੇ ਉੱਤੇ ਗੁਪਤ ਕਤਲ ਜਾਰੀ ਰੱਖਣ ਦਾ ਦਬਾਅ ਪਾਇਆ ਸੀ: ਤਰੁਣ ਗੋਗੋਈ

ਗੁਹਾਟੀ, 21 ਫਰਵਰੀ (ਪੋਸਟ ਬਿਊਰੋ)- ਆਸਾਮ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਨੇ ਕੱਲ੍ਹ ਦਾਅਵਾ ਕੀਤਾ ਕਿ ਕੇਂਦਰ ਦੀ ਪਿਛਲੀ ਐਨ ਡੀ ਏ ਸਰਕਾਰ ਨੇ ਉਨ੍ਹਾਂ ਉੱਤੇ 'ਗੁਪਤ ਕਤਲ' ਜਾਰੀ ਰੱਖਣ ਵਾਸਤੇ ਦਬਾਅ ਬਣਾਇਆ ਸੀ ਜੋ ਉਨ੍ਹਾਂ ਤੋਂ ਪਿਛਲੀ ਪ੍ਰਫੁੱਲ ਕੁਮਾਰ ਮਹੰਤ ਦੀ ਸਰਕਾਰ ਵੇਲੇ ਜ਼ੋਰਾਂ ਸ਼ੋਰਾਂ ਨਾਲ ਜਾਰੀ ਸੀ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਅਤੇ ਕਾਂਗਰਸ ਆਗੂ ਗੋਗੋਈ 'ਤੇ 'ਵੰਡ ਪਾਊ ਸਿਆਸਤ' ਦੇ ਦੋਸ਼ ਲਾਏ ਹਨ। ਮਹੰਤ ਨੇ ਕਿਹਾ ਹੈ ਕਿ ਗੁਪਤ ਕਤਲਾਂ ਦਾ ਦੌਰ ਸੂਬੇ 'ਚ ਕਾਂਗਰਸ ਦੇ ਰਾਜ ਵੇਲੇ ਸ਼ੁਰੂ ਹੋਇਆ ਸੀ।

ਸਾਲ 2001 ਤੋਂ 2016 ਤੱਕ ਸੂਬੇ ਦੇ ਮੁੱਖ ਮੰਤਰੀ ਰਹੇ ਕਾਂਗਰਸੀ ਆਗੂ ਤਰੁਣ ਗੋਗੋਈ ਨੇ ਦਾਅਵਾ ਕੀਤਾ ਕਿ ਤਤਕਾਲੀ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਪੂਰਬ ਉਤਰ ਵਿੱਚ ਅੱਤਵਾਦ ਨੂੰ ਖਤਮ ਕਰਨ ਲਈ ਪੰਜਾਬ ਦੇ ਸਾਬਕਾ ਪੁਲਸ ਮੁਖੀ ਕੇ ਪੀ ਐਸ ਗਿੱਲ ਨੂੰ ਆਸਾਮ ਦਾ ਗਵਰਨਰ ਲਾਉਣਾ ਚਾਹੁੰਦੇ ਸਨ। ਪੰਜਾਬ ਵਿੱਚ ਖਾੜਕੂਵਾਦ ਕੁਚਲਣ ਦਾ ਸਿਹਰਾ ਕੇ ਪੀ ਐੱਸ ਗਿੱਲ ਨੂੰ ਦਿੱਤਾ ਜਾਂਦਾ ਹੈ। ਤਰੁਣ ਗੋਗੋਈ ਨੇ ਕਿਹਾ, 'ਸਾਡੇ ਉਤੇ ਗੁਪਤ ਕਤਲ ਜਾਰੀ ਰੱਖਣ ਦਾ ਦਬਾਅ ਬਣਾਇਆ ਗਿਆ ਸੀ, ਪਰ ਅਸੀਂ ਅਜਿਹਾ ਕਦੀ ਨਹੀਂ ਕੀਤਾ। ਜਦੋਂ ਮੈਂ 2001 ਵਿੱਚ ਮੁੱਖ ਮੰਤਰੀ ਬਣਿਆ ਤਾਂ ਭਾਜਪਾ ਚਾਹੁੰਦੀ ਸੀ ਕਿ ਗੁਪਤ ਕਤਲ ਜਾਰੀ ਰਹਿਣ ਅਤੇ ਅਡਵਾਨੀ ਚਾਹੁੰਦੇ ਸਨ ਕਿ ਇਸ ਲਈ ਕੇ ਪੀ ਐਸ ਗਿੱਲ ਨੂੰ ਗਵਰਨਰ ਵਜੋਂ ਭੇਜਿਆ ਜਾਵੇ।' ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਦੇ ਦਬਾਅ ਕਰਕੇ ਗਿੱਲ ਨੂੰ ਪੂਰਬ ਉਤਰ ਸੂਬੇ 'ਚ ਨਹੀਂ ਭੇਜਿਆ ਗਿਆ। ਗੋਗੋਈ 1990 ਦੇ ਦਹਾਕੇ 'ਚ ਨਕਾਬਪੋਸ਼ ਲੋਕਾਂ ਵੱਲੋਂ ਸ਼ੱਕੀ ਉਲਫਾ ਅੱਤਵਾਦੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਕਤਲ ਦਾ ਜ਼ਿਕਰ ਕਰ ਰਹੇ ਸਨ।

# ਕਿੰਨੌਰ-ਤਿੱਬਤ ਬਾਰਡਰ ਉਤੇ ਗਲੇਸ਼ੀਅਰ ਹੇਠ ਆਉਣ ਨਾਲ ਛੇ ਜਵਾਨਾਂ ਦੀ ਮੌਤ

ਕਿੰਨੌਰ, 21 ਫਰਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੀ ਕਿੰਨੌਰ-ਤਿੱਬਤ ਸਰਹੱਦ 'ਤੇ ਸ਼ਿਪਕਿਲਾ ਨੇੜੇ ਫੌਜ ਦੇ ਛੇ ਜਵਾਨਾਂ ਦੀ ਗਲੇਸ਼ੀਅਰ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈ, ਜਦ ਕਿ ਦੋ ਜਵਾਨ ਲਾਪਤਾ ਦੱਸੇ ਜਾਂਦੇ ਹਨ। ਇਨ੍ਹਾਂ ਵਿੱਚੋਂ ਪੰਜ ਜਵਾਨਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।

ਡਿਪਟੀ ਕਮਿਸ਼ਨਰ ਕਿੰਨੌਰ ਗੋਪਾਲ ਚੰਦ ਨੇ ਦੱਸਿਆ ਕਿ ਅਜੇ ਮੌਕੇ ਤੋਂ ਪੁਸ਼ਟ ਖਬਰਾਂ ਨਹੀਂ ਮਿਲੀਆਂ,



*ਜਵਾਨਾਂ ਦੀ ਭਾਲ ਕਰਦੀ ਬਚਾਅ ਟੀਮ।*

ਕਿਉਂਕਿ ਸੰਪਰਕ ਸਾਧਨ ਠੱਪ ਹਨ। ਫਿਰ ਵੀ ਫੌਜ ਦੇ ਇਕ ਕਮਾਂਡਰ ਨਾਲ ਗੱਲਬਾਤ ਤੋਂ ਪਤਾ ਲੱਗਾ ਹੈ ਕਿ ਕੱਲ੍ਹ ਸਵੇਰੇ 11 ਵਜੇ ਫੌਜ ਦੇ 16 ਜਵਾਨ ਨਮੱਗਿਆ ਕੋਲ ਸ਼ਿਪਕਿਲਾ ਨੇੜੇ ਪੀਣ ਵਾਲੇ ਪਾਣੀ ਦੀ ਇਕ ਪਾਈਪ ਨੂੰ ਠੀਕ ਕਰਨ ਲਈ ਨਿਕਲੇ ਸਨ। ਇਸ ਦੌਰਾਨ ਅਚਾਨਕ ਪਹਾੜ ਤੋਂ ਗਲੇਸ਼ੀਅਰ ਡਿੱਗਣ ਕਾਰਨ ਛੇ ਜਵਾਨ ਉਸ ਦੀ ਲਪੇਟ ਵਿੱਚ ਆ ਗਏ। ਇਕ ਜਵਾਨ ਨੂੰ ਜ਼ਖਮੀ ਹਾਲਤ ਵਿੱਚ ਬਚਾਅ ਲਿਆ ਗਿਆ, ਪਰ ਹਸਪਤਾਲ ਪਹੁੰਚਦਿਆਂ ਉਸ ਦੀ ਮੌਤ ਹੋ ਗਈ। ਜ਼ਿਲਾ ਪ੍ਰਸ਼ਾਸਨ ਨੇ ਪੁਲਸ ਅਤੇ ਇੰਡੋ-ਤਿੱਬਤ ਬਾਰਡਰ ਪੁਲਸ ਦੀ 27ਵੀਂ ਬਟਾਲੀਅਨ ਦੇ ਜਵਾਨਾਂ ਨੂੰ ਮੌਕੇ 'ਤੇ ਭੇਜਿਆ ਹੈ।

# ਯੂ ਪੀ ਵਿੱਚ ਰੇਲ ਗੱਡੀ ਵਿੱਚੋਂ ਡਿੱਗੇ ਪੰਜਾਬੀ ਭੈਣ ਭਰਾ ਦੀ ਮੌਤ

ਪ੍ਰਤਾਪਗੜ੍ਹ, 21 ਫਰਵਰੀ (ਪੋਸਟ ਬਿਊਰੋ)- ਪਟਨਾ ਸਾਹਿਬ ਦੇ ਦਰਸ਼ਨ ਕਰਨ ਪਿੱਛੋਂ ਮੁੜ ਰਹੇ ਇਕ ਪੰਜਾਬੀ ਪਰਵਾਰ ਦੇ ਰਿਸ਼ਤੇ 'ਚ ਭੈਣ ਭਰਾ ਲੱਗਦੇ ਨੌਜਵਾਨ ਲੜਕੇ ਲੜਕੀ ਦੀ ਯੂ ਪੀ ਦੇ ਲਖਨਊ ਪ੍ਰਤਾਪਗੜ੍ਹ ਰੇਲਵੇ ਰੂਟ 'ਤੇ ਜਗੇਸਰਗੰਜ ਰੇਲਵੇ ਸਟੇਸ਼ਨ ਨੇੜੇ ਰੇਲ ਗੱਡੀ 'ਚੋਂ ਡਿੱਗਣ ਨਾਲ ਮੌਤ ਹੋ ਗਈ।

ਰੇਲਵੇ ਪੁਲਸ ਦੇ ਇੰਸਪੈਕਟਰ ਫੂਲ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਪੰਜਾਬ ਦੇ ਅਰਸ਼ਦੀਪ ਸਿੰਘ (26) ਅਤੇ ਗਗਨਦੀਪ ਕੌਰ (25) ਵਜੋਂ ਹੋਈ ਹੈ, ਜੋ ਪਟਨਾ ਸਾਹਿਬ ਤੋਂ ਅਰਚਨਾ ਐਕਸਪ੍ਰੈਸ (ਰਾਜੇਂਦਰ ਨਗਰ ਤੋਂ ਜੰਮੂ ਤਵੀ) ਰਾਹੀਂ ਪੰਜਾਬ ਵਾਪਸ ਜਾ ਰਹੇ ਸਨ। ਜੀ ਆਰ ਪੀ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਦੋਵੇਂ ਰੇਲ ਗੱਡੀ ਦੀ ਬੀ ਚਾਰ ਏ ਸੀ ਕੋਚ ਵਿੱਚ ਸਵਾਰ ਸਨ ਅਤੇ ਜਗੇਸਰ ਰੇਲਵੇ ਸਟੇਸ਼ਨ ਨੇੜੇ ਬਾਹਰ ਡਿੱਗਣ ਤੋਂ ਪਹਿਲਾਂ ਆਪਣੇ ਡੱਬੇ ਦੇ ਦਰਵਾਜ਼ੇ 'ਚ ਖੜੇ ਸਨ। ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਅਰਸ਼ਦੀਪ ਸਿੰਘ, ਗਗਨਦੀਪ ਕੌਰ ਦੀ ਭੂਆ ਦਾ ਲੜਕਾ ਸੀ।

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਹੈਲਪਰ ਦੀ ਲੋੜ ਹੈ
Construction Company
416-618-3358 | 905-789-7783
ਜਾਂ ਫਿਰ ਈਮੇਲ ਕਰੋ: northyorkkitchen@gmail.com

ਨੈਨੀ ਦੀ ਲੋੜ ਹੈ
Gore Rd & Ebenezer
•Must have own Transportion
•Must be from Brampton
Light House Duties
Cooking & Taking Care of two 5 year olds
From 2pm to 8pm
Contact: 416.648.2455

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7'', Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6'', ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 | 00971559436629(Whatsapp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7'', ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3'', vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8'', ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ।
ਸੰਪਰਕ ਕਰੋ- 647-456-8667 | joraward96@gmail.com

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 | 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9'', ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 | 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2'', M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 | 289-801-4533
ਜਾਂ ਇ ਮੇਲ ਕਰੋ: lakhwinderdhindsa@yahoo.com

Beautiful sikh Ramgarhia girl (M.Com) 40 years 5'3" working as HR Manager, belongs to educated family in Yamuna Nagar, seeks suitable match and well settled Sikh boy in Canada. Girl currently in Canada. Contact 437-992-5196 ramanpreet.saggu@yahoo.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2''having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 | 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Wanted Office Clerk & Office Administrator
- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

## ਸਿਹਰਾ ਕਤਲ ਕੇਸ 'ਚ ਸ਼ਾਮਲ ਜਿਮ ਟਰੇਨਰ ਭਿੰਦਾ ਹੁਸ਼ਿਆਰਪੁਰ ਤੋਂ ਗ੍ਰਿਫਤਾਰ

ਜਲੰਧਰ, 21 ਫਰਵਰੀ (ਪੋਸਟ ਬਿਊਰੋ)- ਸਿਹਰਾ ਕਤਲ ਕੇਸ ਵਿੱਚ ਹਮਲੇ ਵਿੱਚ ਸ਼ਾਮਲ ਜਿਮ ਟਰੇਨਰ ਭੁਪਿੰਦਰ ਸਿੰਘ ਭਿੰਦਾ ਵਾਸੀ ਸਦਰ ਫਗਵਾੜਾ ਨੂੰ ਕੱਲ੍ਹ ਪੁਲਸ ਨੇ ਹੁਸ਼ਿਆਰਪੁਰ ਤੋਂ ਫੜ ਲਿਆ। ਇਕ ਹੋਰ ਦੋਸ਼ੀ ਮਾਣਕ ਸ਼ਰਮਾ ਵਾਸੀ ਮਾਡਲ ਟਾਊਨ, ਜੋ ਹਮਲੇ ਵਿੱਚ ਸ਼ਾਮਲ ਸੀ, ਅਜੇ ਵੀ ਪੁਲਸ ਦੀ ਪਕੜ ਤੋਂ ਦੂਰ ਹੈ।

ਵਰਨਣ ਯੋਗ ਹੈ ਕਿ ਜਦੋਂ ਪੁਲਸ ਗੋਲਡੀ ਨੂੰ ਦਿੱਲੀ ਤੋਂ ਫੜਨ ਗਈ ਸੀ ਤਾਂ ਰੋਹਿਣੀ ਵਿੱਚ ਫਲੈਟ ਦੇ ਹੇਠਾਂ ਪੁਲਸ ਦੀਆਂ ਗੱਡੀਆਂ ਵੇਖ ਕੇ ਭਿੰਦਾ ਅਤੇ ਮਾਣਕ ਫਰਾਰ ਹੋ ਗਏ ਸਨ, ਪਰ ਪੁਲਸ ਨੇ ਫਲੈਟ ਵਿੱਚੋਂ ਗੋਲਡੀ ਅਤੇ ਨੰਨੂ ਨੂੰ ਕਾਬੂ ਕਰ ਲਿਆ ਸੀ। ਡੀ ਸੀ ਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਟਿੱਪ ਮਿਲੀ ਸੀ ਕਿ ਭਿੰਦਾ ਹੁਸ਼ਿਆਰਪੁਰ ਵਿੱਚ ਵੇਖਿਆ ਗਿਆ ਸੀ। ਪੁਲਸ ਨੇ ਹੁਸ਼ਿਆਰਪੁਰ ਵਿੱਚ ਰੇਡ ਕਰਕੇ ਉਸ ਨੂੰ ਫੜ ਲਿਆ। ਡੀ ਸੀ ਪੀ ਨੇ ਕਿਹਾ ਕਿ ਕੇਸ ਵਿੱਚ ਹੋਰ ਦੋਸ਼ੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਕਿਸੇ ਨੂੰ ਕਲੀਨ ਚਿੱਟ ਨਹੀਂ ਦਿੱਤੀ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਪੁਲਸ ਪੁੱਛਗਿੱਛ ਵਿੱਚ ਪਤਾ ਲੱਗਾ ਹੈ ਕਿ ਦੋਸ਼ੀ ਸਿਹਰਾ ਬ੍ਰਦਰਜ਼ ਨੂੰ ਜਾਨ ਤੋਂ ਮਾਰਨ ਨਹੀਂ ਗਏ ਸਨ, ਹਮਲਾ ਕਰਕੇ ਡਰਾਉਣ ਗਏ ਸਨ, ਜਿਵੇਂ ਉਨ੍ਹਾਂ ਨੇ ਸ਼ਸ਼ੀ ਸ਼ਰਮਾ 'ਤੇ ਹਮਲਾ ਕਰਕੇ ਉਸ ਨੂੰ ਕੁੱਟ-ਕੁੱਟ ਕੇ ਜ਼ਖਮੀ ਕਰ ਦਿੱਤਾ ਸੀ। ਦੋਸ਼ੀ ਜਦੋਂ ਹਮਲਾ ਕਰਨ ਪਹੁੰਚੇ ਤਾਂ ਉਸ ਦੌਰਾਨ ਸਿਹਰਾ ਬ੍ਰਦਰਜ਼ ਉਨ੍ਹਾਂ 'ਤੇ ਹਾਵੀ ਹੋ ਗਏ ਤੇ ਉਨ੍ਹਾਂ ਦੀ ਜਾਨ 'ਤੇ ਬਣ ਗਈ ਸੀ। ਇਸ ਲਈ ਸਿਹਰਾ ਬ੍ਰਦਰਜ਼ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਮੌਕੇ 'ਤੇ ਬਾਬੇ ਦੀ ਮੌਤ ਹੋ ਗਈ ਤੇ ਬਾਬੇ ਦਾ ਛੋਟਾ ਭਰਾ ਬੱਬੂ ਜ਼ਖਮੀ ਹੋ ਗਿਆ।

## ਆਪਣੀਆਂ 14 ਗਰਲ ਫ੍ਰੈਂਡਜ਼ ਇਕੱਠੀਆਂ ਦੇਖਣ ਪਿੱਛੋਂ ਮੁੰਡਾ ਸਦਮੇ ਵਿੱਚ ਗਿਆ

ਦੁਬਈ, 21 ਫਰਵਰੀ (ਪੋਸਟ ਬਿਊਰੋ)- ਪਿਆਰ ਕਰਨਾ ਮਨੁੱਖ ਦਾ ਕੁਦਰਤੀ ਸੁਭਾਅ ਹੈ, ਪਰ ਇਸ ਨੂੰ ਮਜ਼ਾਕ ਹੀ ਬਣਾ ਦੇਣ ਦੀ ਗਲਤੀ ਭਾਰੀ ਪੈ ਸਕਦੀ ਹੈ। ਏਦਾਂ ਦੀ ਗਲਤੀ 18 ਸਾਲ ਦੇ ਰਕੀਬ ਨੇ ਕੀਤੀ, ਜਿਸ ਕਾਰਨ ਇਸ ਸਮੇਂ ਉਸ ਦੀ ਜਾਨ 'ਤੇ ਬਣੀ ਹੋਈ ਹੈ ਅਤੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।



ਅਸਲ ਵਿਚ ਇੱਕੋ ਸਮੇਂ ਕਈ ਕੁੜੀਆਂ ਨਾਲ ਫਲਰਟ ਕਰਨਾ ਰਕੀਬ ਨੂੰ ਭਾਰੀ ਪਿਆ ਅਤੇ ਉਹ ਇਸ ਵੇਲੇ ਕੋਮਾ ਵਿਚ ਹੈ। ਰਕੀਬ ਨਾਮ ਦਾ ਇਹ ਮੁੰਡਾ ਕਿਸੇ ਪਲੇਅ ਬੁਆਏ ਤੋਂ ਘੱਟ ਨਹੀਂ, ਕਿਉਂਕਿ ਉਹ ਧੋਖੇ ਨਾਲ 14 ਗਰਲ ਫ੍ਰੈਂਡਜ਼ ਨਾਲ ਡੇਟ ਕਰਦਾ ਆ ਰਿਹਾ ਸੀ। 14 ਫਰਵਰੀ ਨੂੰ ਵੈਲੇਨਟਾਈਨ ਡੇਅ ਤੱਕ ਸਭ ਕੁਝ ਠੀਕ ਚੱਲਦਾ ਰਿਹਾ ਸੀ, ਪਰ ਇਕ ਦਿਨ ਜਦੋਂ ਸੌਂ ਕੇ ਉੱਠਿਆ ਤਾਂ ਉਸ ਨੇ ਦੇਖਿਆ ਕਿ ਸਾਰੀਆਂ ਗਰਲ ਫ੍ਰੈਂਡਜ਼ ਇਕੱਠੀਆਂ ਉਸ ਦੇ ਸਾਹਮਣੇ ਖੜ੍ਹੀਆਂ ਸਨ। ਉਹ 14 ਗਰਲ ਫ੍ਰੈਂਡਜ਼ ਨੂੰ ਇਕੱਠੀਆਂ ਦੇਖ ਕੇ ਸਮਝ ਗਿਆ ਕਿ ਉਸ ਦਾ ਰਾਜ਼ ਖੁੱਲ੍ਹ ਗਿਆ ਹੈ ਅਤੇ ਉਸ ਦੀ ਖੈਰ ਨਹੀਂ। ਇਸ ਦੇ ਬਾਅਦ ਸਦਮਾ ਲੱਗਣ ਨਾਲ ਉਹ ਕੋਮਾ ਵਿਚ ਚਲਾ ਗਿਆ।

ਇਸ ਬਾਰੇ ਇਕ ਕੁੜੀ ਜ਼ੋਰੀਨਾ ਨੇ ਕਿਹਾ, 'ਮੈਂ ਅਸਲ ਵਿਚ ਹੈਰਾਨ ਸੀ, ਜਦੋਂ ਮੈਨੂੰ ਪਤਾ ਚੱਲਿਆ ਕਿ ਰਕੀਬ 13 ਹੋਰ ਕੁੜੀਆਂ ਸਮੇਤ ਮੈਨੂੰ ਧੋਖਾ ਦੇ ਰਿਹਾ ਸੀ। ਮੈਨੂੰ ਉਸ ਉਤੇ ਪਹਿਲਾਂ ਹੀ ਸ਼ੱਕ ਸੀ, ਇਸ ਲਈ ਇਕ ਦਿਨ ਚੋਰੀ ਨਾਲ ਉਸ ਦੇ ਫੋਨ ਨੂੰ ਚੈੱਕ ਕੀਤਾ ਤੇ ਦੇਖਿਆ ਕਿ ਉਸ ਦੇ ਮੈਸੇਂਜਰ ਵਿਚ 13 ਹੋਰ ਕੁੜੀਆਂ ਦਾ ਉਪਨਾਮ ਬੇਬੀ ਗਰਲ (1, 2, 3.. ਆਦਿ) ਲਿਖਿਆ ਸੀ।' ਜ਼ੋਰੀਨਾ ਦੇ ਮੁਤਾਬਕ ਰਕੀਬ ਦੇ ਧੋਖੇ ਦਾ ਪਤਾ ਚੱਲਿਆ ਤਾਂ ਫਿਰ ਉਸ ਨੇ ਰਕੀਬ ਨੂੰ ਸਬਕ ਸਿਖਾਉਣ ਦੀ ਸੋਚੀ। ਉਸ ਨੇ ਬਾਕੀ ਕੁੜੀਆਂ ਨੂੰ ਰਕੀਬ ਦੇ ਇਸ ਸਾਰੇ ਧੋਖੇ ਬਾਰੇ ਦੱਸ ਕੇ ਵੈਲੇਨਟਾਈਨ ਡੇਅ ਵਾਲੇ ਦਿਨ ਸਰਪ੍ਰਾਈਜ਼ ਦੇਣ ਦੀ ਯੋਜਨਾ ਬਣਾਈ। ਇਹ ਸਾਰੀਆਂ ਕੁੜੀਆਂ ਇਸ ਵੇਲੇ ਦੁਖੀ ਹਨ, ਕਿਉਂਕਿ ਉਹ ਰਕੀਬ ਨਾਲ ਸੱਚਾ ਪਿਆਰ ਕਰਦੀਆਂ ਸਨ। ਰਕੀਬ ਇਸ ਵੇਲੇ ਕੋਮਾ ਵਿਚ ਹੈ। ਕੁੜੀਆਂ ਨੂੰ ਆਸ ਹੈ ਕਿ ਉਹ ਜਲਦੀ ਠੀਕ ਹੋ ਜਾਵੇਗਾ, ਪਰ ਹੈਰਾਨੀ ਦੀ ਗੱਲ ਹੈ ਕਿ ਉਹ ਰਕੀਬ ਨੂੰ ਆਪਸ ਵਿਚ ਸ਼ੇਅਰ ਕਰਨ ਲਈ ਤਿਆਰ ਹੋ ਗਈਆਂ ਹਨ।

## ਜ਼ਮੀਨੀ ਸੌਦੇ ਵਿੱਚ 45 ਲੱਖ ਦੀ ਠੱਗੀ ਦੇ ਦੋਸ਼ ਵਿੱਚ ਮਾਂ ਬੇਟੇ ਉਤੇ ਕੇਸ ਦਰਜ

ਜਲੰਧਰ, 21 ਫਰਵਰੀ (ਪੋਸਟ ਬਿਊਰੋ)- ਜ਼ਮੀਨ ਦੇ ਇਕ ਸੌਦੇ ਵਿੱਚ 45 ਲੱਖ ਰੁਪਏ ਦੀ ਠੱਗੀ ਦੇ ਦੋਸ਼ ਵਿੱਚ ਮਾਡਲ ਟਾਊਨ ਦੇ ਰਹਿਣ ਵਾਲੇ ਅਨਿਲ ਸ਼ਰਮਾ ਅਤੇ ਉਸ ਦੀ ਮਾਂ ਸੁਦਰਸ਼ਨਾ ਰਾਣੀ 'ਤੇ ਸਾਜ਼ਿਸ਼ ਦੇ ਤਹਿਤ ਧੋਖਾਧੜੀ ਕਰਨ ਦਾ ਪਰਚਾ ਦਰਜ ਕੀਤਾ ਗਿਆ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।



ਥਾਣਾ-6 ਦੇ ਐਸ ਐਚ ਓ ਓਂਕਾਰ ਸਿੰਘ ਨੇ ਕੇਸ ਦਰਜ ਹੋਣ ਦੀ ਪੁਸ਼ਟੀ ਕੀਤੀ ਹੈ। ਹਰਬੰਸ ਨਗਰ ਦੇ ਵਾਸੀ 65 ਸਾਲ ਦੇ ਭੂਸ਼ਣ ਲਾਲ ਮੇਹਤਾਬ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਸੀ ਕਿ ਮਾਡਲ ਟਾਊਨ ਦੇ ਵਸਨੀਕ ਅਨਿਲ ਸ਼ਰਮਾ ਅਤੇ ਉਸ ਦੀ ਮਾਂ ਸੁਦਰਸ਼ਨਾ ਰਾਣੀ ਨਾਲ ਉਨ੍ਹਾਂ ਨੇ ਕੋਠੀ ਦਾ ਸੌਦਾ ਕੀਤਾ ਸੀ। ਇਕ ਮਰਲੇ ਦੀ ਕੀਮਤ 13 ਲੱਖ 40 ਹਜ਼ਾਰ ਰੁਪਏ ਸੀ। 25 ਜਨਵਰੀ 2018 ਨੂੰ ਐਗਰੀਮੈਂਟ ਕਰਦੇ ਹੋਏ 10 ਲੱਖ ਕੈਸ਼ ਅਤੇ 35 ਲੱਖ ਰੁਪਏ ਦਾ ਚੈੱਕ ਦਿੱਤਾ ਸੀ। ਤੈਅ ਹੋਇਆ ਸੀ ਕਿ ਕਰੀਬ 9 ਮਰਲੇ ਦੀ ਰਜਿਸਟਰੀ 30 ਅਪ੍ਰੈਲ 2018 ਨੂੰ ਹੋਵੇਗੀ ਅਤੇ ਬਾਕੀ ਪੇਮੈਂਟ ਕੀਤੀ ਜਾਵੇਗੀ। ਇਸ ਦੌਰਾਨ ਤਿੰਨ ਵਾਰ ਰਜਿਸਟਰੀ ਦਾ ਟਾਈਮ ਬਦਲਿਆ ਗਿਆ। ਅੰਤ ਨੂੰ ਤੈਅ ਹੋਇਆ ਕਿ ਮਾਂ ਬੇਟਾ 30 ਅਕਤੂਬਰ ਨੂੰ ਰਜਿਸਟਰੀ ਕਰਵਾ ਦੇਣਗੇ। ਸ਼ਿਕਾਇਤ ਕਰਤਾ ਦਾ ਦੋਸ਼ ਹੈ ਕਿ ਇਸ ਦਿਨ ਮਾਂ ਬੇਟਾ ਤਹਿਸੀਲ ਵਿੱਚ ਫਿਰ ਨਹੀਂ ਆਏ। ਪੁਲਸ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਜਿਸ ਕੋਠੀ ਦਾ ਸੌਦਾ ਭੂਸ਼ਣ ਲਾਲ ਨਾਲ ਕੀਤਾ ਹੈ, ਉਸ 'ਚੋਂ ਸੱਤ ਮਰਲੇ ਦੀ ਜ਼ਮੀਨ ਮਿੱਠਾਪੁਰ ਰੋਡ ਦੇ ਬੈਂਕ ਨੂੰ ਗਿਰਵੀ ਹੈ। ਜਾਂਚ ਵਿੱਚ ਕਿਹਾ ਗਿਆ ਕਿ ਮਾਂ ਬੇਟੇ ਨੇ ਇਕ ਸਾਜ਼ਿਸ਼ ਤਹਿਤ ਬੈਂਕ ਦੇ ਨਾਲ-ਨਾਲ ਭੂਸ਼ਣ ਲਾਲ ਦੇ ਨਾਲ ਠੱਗੀ ਕੀਤੀ ਹੈ। ਜਾਂਚ ਰਿਪੋਰਟ ਦੇ ਬਾਅਦ ਥਾਣਾ-6 ਵਿੱਚ ਕੇਸ ਦਰਜ ਕੀਤਾ ਗਿਆ ਹੈ।


Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep

SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
- Special Flights to India and Pakistan
- Special Packages to cuba, mexico
- Online visa application (India)
- Cruise Booking - Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
Revive EMS
Canadian Red Cross Training Partner

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757 (905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ‘ਸੜਕ 2’ ਦੀ ਸ਼ੂਟਿੰਗ ਅਪ੍ਰੈਲ ਵਿੱਚ ਸ਼ੁਰੂ ਕਰੇਗੀ ਆਲੀਆ



ਮਹੇਸ਼ ਭੱਟ ਦੇ ਹੋਮ ਪ੍ਰੋਡਕਸ਼ਨ ਵਿੱਚ ਬਣ ਰਹੀ ਫਿਲਮ ‘ਸੜਕ 2’ ਦੇ ਇਸ ਸਾਲ ਅਪ੍ਰੈਲ ਵਿੱਚ ਫਲੋਰ 'ਤੇ ਜਾਣ ਦੀ ਸੰਭਾਵਨਾ ਹੈ। ਫਿਲਮ ਵਿੱਚ ਆਲੀਆ ਪਹਿਲੀ ਵਾਰ ਪਿਤਾ ਮਹੇਸ਼ ਭੱਟ ਅਤੇ ਭੈਣ ਪੂਜਾ ਭੱਟ ਨਾਲ ਕੰਮ ਕਰੇਗੀ।

ਇਸ ਸੀਕਵਲ ਵਿੱਚ ਆਦਿੱਤਯ ਰਾਏ ਕਪੂਰ ਨਾਲ ਆਲੀਆ ਭੱਟ ਤੇ ਸੰਜੇ ਦੱਤ ਦੇ ਆਪੋਜ਼ਿਟ ਪੂਜਾ ਭੱਟ ਹੋਵੇਗੀ, ਜਿਨ੍ਹਾਂ ਨੇ ਓਰਿਜ਼ਨਲ ਫਿਲਮ ਵਿੱਚ ਕੰਮ ਕੀਤਾ ਸੀ। ਮਹੇਸ਼ ਇਸ ਫਿਲਮ ਦਾ ਨਿਰਦੇਸ਼ਨ ਕਰਨਗੇ ਅਤੇ ਪੂਜਾ ਉਨ੍ਹਾਂ ਨੂੰ ਅਸਿਸਟ ਕਰੇਗੀ। ਦੋਵਾਂ ਨੇ ਪਹਿਲਾਂ ਤੋਂ ਹੀ ਇਸ ਦੇ ਮਿਊਜ਼ਿਕ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਦੀ ਸ਼ੂਟਿੰਗ ਉਤਰਾਖੰਡ ਵਿੱਚ ਸ਼ੁਰੂ ਹੋਵੇਗੀ।

# ਠੰਢੇ ਬਸਤੇ 'ਚ ਯੂਲੀਆ ਦੀ ਫਿਲਮ




ਬੀਤੇ ਦਿਨੀਂ ਸਲਮਾਨ ਖਾਨ ਦੀ ਖਾਸ ਯੂਲੀਆ ਵੰਤੂਰ ਦੇ ਫਿਲਮ ‘ਰਾਧਾ ਕਿਉਂ ਗੋਰੀ ਮੈਂ ਕਿਉਂ ਕਾਲਾ’ ਨਾਲ ਬਾਲੀਵੁੱਡ ਡੈਬਿਊ ਦੀ ਚਰਚਾ ਸੀ, ਪਰ ਤਾਜ਼ਾ ਖਬਰਾਂ ਅਨੁਸਾਰ ਇਸ ਫਿਲਮ 'ਤੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੰਦ ਹੋਣ ਦੀ ਤਲਵਾਰ ਲਟਕ ਗਈ ਹੈ। ਸਲਮਾਨ ਨੇ ਯੂਲੀਆ ਨੂੰ ਫਿਲਮਾਂ 'ਚ ਹਰ ਤਰ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਸੀ ਤੇ ਉਸ ਨੇ ਆਪਣੇ ਪੁਰਾਣੇ ਦੋਸਤ ਪ੍ਰੇਮ ਸੋਨੀ ਨਾਲ ਯੂਲੀਆ ਦੀ ਡੈਬਿਊ ਫਿਲਮ ਸ਼ੁਰੂ ਕਰਵਾਈ ਸੀ। ਕਿਹਾ ਗਿਆ ਹੈ ਕਿ ਇਸ ਦੀ ਪ੍ਰੋਡਿਊਸਰ ਪ੍ਰੇਰਣਾ ਅਰੋੜਾ ਹੋਵੇਗੀ ਅਤੇ ਸਲਮਾਨ ਦੀ ਯੋਜਨਾ ਸੀ ਕਿ ਹਿੰਦੀ ਸਿਨੇਮਾ ਵਿੱਚ ਪੈਸੇ ਲਾਉਂਦੇ ਰਹੇ ਕੁਝ ਵੱਡੇ ਫਾਈਨਾਂਸਰਾਂ ਨੂੰ ਇਸ ਫਿਲਮ ਵਿੱਚ ਪੈਸਾ ਲਾਉਣਾ ਸੀ।

ਫਿਲਮ ਨੂੰ ਕੋਈ ਕਾਰਪੋਰੇਟ ਹਾਊਸ ਖਰੀਦ ਲਏ, ਉਸ ਲਈ ਸਲਮਾਨ ਦੀ ਕੋਸ਼ਿਸ਼ ਸੀ, ਪਰ ਫਿਲਮ ਪ੍ਰੋਡਿਊਸਰ ਪ੍ਰੇਰਣਾ ਅਰੋੜਾ ਧੋਖਾਧੜੀ ਦੇ ਦੋਸ਼ ਵਿੱਚ ਗ੍ਰਿਫਤਾਰ ਹੋ ਗਈ ਜਿਸ ਕਰ ਕੇ ਕੋਈ ਵੀ ਯੂਲੀਆ ਦੀ ਇਸ ਫਿਲਮ ਦਾ ਪੈਸਾ ਲਗਾਉਣ ਨੂੰ ਤਿਆਰ ਨਹੀਂ ਹੈ। ਬੀਤੇ ਦਿਨੀਂ ਪ੍ਰੇਮ ਸੋਨੀ ਨੇ ਵੀ ਫਿਲਮ ਤੋਂ ਵੱਖ ਹੋਣ ਦਾ ਫੈਸਲਾ ਕੀਤਾ ਤੇ ਇਸ ਫੈਸਲੇ ਦੀ ਜਾਣਕਾਰੀ ਸਲਮਾਨ ਖਾਨ ਨੂੰ ਦੇ ਦਿੱਤੀ। ਇਸ ਤੋਂ ਬਾਅਦ ਫਿਲਮ ਨੂੰ ਠੰਢੇ ਬਸਤੇ ਵਿੱਚ ਪਾਉਣ ਦਾ ਫੈਸਲਾ ਹੋ ਗਿਆ ਤੇ ਇਹ ਫਿਲਮ ਕਿਸੇ ਦੂਜੇ ਫਾਈਨਾਂਸਰ ਨਾਲ ਵੀ ਨਹੀਂ ਬਣੇਗੀ। ਕਿਹਾ ਜਾ ਰਿਹਾ ਹੈ ਕਿ ਸਲਮਾਨ ਹੁਣ ਯੂਲੀਆ ਲਈ ‘ਦਬੰਗ' ਸੀਰੀਜ਼ ਦੀ ਤੀਜੀ ਫਿਲਮ ਵਿੱਚ ਕੋਈ ਰੋਲ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।




ਅੱਜ ਅਕਸ਼ੇ ਕੁਮਾਰ ਦੀ ਨਵੀਂ ਆ ਰਹੀ ਫਿਲਮ 'ਕੇਸਰੀ' ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਟ੍ਰੇਲਟ ਬਹੁਤ ਸ਼ਾਨਦਾਰ ਹੈ ਜਿਸ 'ਚ ਅਕਸ਼ੈ ਕੁਮਾਰ ਹੱਥਾਂ 'ਚ ਤਲਵਾਰ ਲਈ ਸਿੱਖ ਲੁੱਕ 'ਚ ਨਜ਼ਰ ਆ ਰਹੇ ਹਨ ਜਿਸ ਨੂੰ ਦੇਖਕੇ ਜੋਸ਼ ਦੀ ਝਲਕ ਦਿਸਦੀ ਹੈ ਤੇ ਬਹਾਦਰੀ ਦਿਸਦੀ ਹੈ। ਅਕਸ਼ੈ ਕੁਮਾਰ ਦੇ ਫੈਨਜ਼ ਟਰੇਲਰ ਦੇਖਣ ਤੋਂ ਬਾਅਦ ਹੁਣ ਉਨ੍ਹਾਂ ਦੀ ਫਿਲਮ ਦਾ ਬਹੁਤ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। 'ਕੇਸਰੀ' 'ਚ ਅਕਸ਼ੈ ਕੁਮਾਰ ਨਾਲ ਪਰਿਣੀਤੀ ਚੋਪੜਾ ਅਕਸ਼ੈ ਕੁਮਾਰ ਦੀ ਪਤਨੀ ਦਾ ਰੋਲ ਨਿਭਾਏਗੀ। ਉਥੇ ਹੀ, ਅਕਸ਼ੈ ਕੁਮਾਰ ਫਿਲਮ 'ਚ ਈਸ਼ਰ ਸਿੰਘ ਦੇ ਕਿਰਦਾਰ 'ਚ ਨਜ਼ਰ ਆਉਣਗੇ। ਦੱਸ ਦੇਈਏ ਕਿ ਫਿਲਮ 'ਕੇਸਰੀ' ਸਾਰਾਗੜ੍ਹੀ ਦੀ ਲੜਾਈ ਦੀ ਸੱਚੀ ਘਟਨਾ 'ਤੇ ਆਧਾਰਿਤ ਹੈ।

# ਸਸਪੈਂਸ ਕ੍ਰਿਏਟ ਕਰਦਾ ਹੈ ‘ਬਦਲਾ’ ਦਾ ਟ੍ਰੇਲਰ



ਸੁਜਾਏ ਘੋਸ਼ ਦੇ ਨਿਰਦੇਸ਼ਨ ਵਿੱਚ ਬਣੀ ਫਿਲਮ ‘ਬਦਲਾ’ ਦਾ ਟ੍ਰੇਲਰ ਰਿਲੀਜ਼ ਹੋ ਚੁੱਕਾ ਹੈ। ਇਸ ਫਿਲਮ ਵਿੱਚ ਅਮਿਤਾਭ ਬੱਚਨ ਅਤੇ ਤਾਪਸੀ ਪੰਨੂ ਦੂਸਰੀ ਵਾਰ ਇਕੱਠੇ ਦਿਖਾਈ ਦੇਣਗੇ। ਟ੍ਰੇਲਰ ਜ਼ਬਰਦਸਤ ਹੈ ਅਤੇ ਸਸਪੈਂਸ ਕ੍ਰਿਏਟ ਕਰਦਾ ਹੈ। ਫਿਲਮ ਦੀ ਕਹਾਣੀ ਇੱਕ ਯੰਗ ਆਂਤ੍ਰਪ੍ਰੇਨਿਓਰ ਦੇ ਦੁਆਲੇ ਘੁੰਮਦੀ ਹੈ, ਜੋ ਖੁਦ ਨੂੰ ਹੋਟਲ ਦੇ ਕਮਰੇ ਵਿੱਚ ਆਪਣੇ ਮ੍ਰਿਤਕ ਬੁਆਏਫ੍ਰੈਂਡ ਨਾਲ ਲਾਕ ਪਾਉਂਦੀ ਹੈ। ਗ੍ਰਿਫਤਾਰੀ ਦੇ ਬਾਅਦ ਉਹ ਆਪਣੇ ਡਿਫੈਂਸ ਵਿੱਚ ਮਸ਼ਹੂਰ ਲਾਇਰ ਹਾਇਰ ਕਰਦੀ ਹੈ। ਇਹ ਫਿਲਮ 2016 ਵਿੱਚ ਆਈ ਸਪੈਨਿਸ਼ ਫਿਲਮ ‘ਦ ਇਨਵਿਜੀਬਲ ਗੈਸਟ’ ਦਾ ਹਿੰਦੀ ਰੀਮੇਕ ਹੈ। ਗੌਰੀ ਖਾਨ ਦੇ ਬੈਨਰ ਹੇਠ ਬਣੀ ਇਹ ਫਿਲਮ ਅੱਠ ਮਾਰਚ ਨੂੰ ਰਿਲੀਜ਼ ਹੋਵੇਗੀ। ਫਿਲਮ ਵਿੱਚ ਤਾਪਸੀ ਪੰਨੂ ਦਾ ਕਿਰਦਾਰ ਨੈਗੇਟਿਵ ਹੈ। ਉਸ ਤੋਂ ਗਲਤੀ ਨਾਲ ਇੱਕ ਨੌਜਵਾਨ ਦਾ ਕਤਲ ਹੋ ਜਾਂਦਾ ਹੈ ਅਤੇ ਉਹ ਆਪਣੇ ਗੁਨਾਹ ਤੋਂ ਬਚਣ ਵਿੱਚ ਜੁਟ ਜਾਂਦੀ ਹੈ। ਇਸ ਦੇ ਲਈ ਉਹ ਆਪਣੇ ਲਾਇਰ ਨੂੰ ਮਨਘੜਤ ਕਹਾਣੀ ਸੁਣਾਉਂਦੀ ਹੈ।



# INTERSTATE FREIGHT SYSTEMS INC.

## A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario
ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

**Also Hiring Owner Operators for local work**

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Please send resume at:
jgill@interstatefreightsystem.com
Call: 416-452-0677, 647-448-3500
(Monday to Friday | 10am to 5pm)

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers, Company and Owner Operators for our US Highway Runs;
Our drivers are the heart of our company;

AZ ਡਰਾਈਵਰਾਂ ਦੀ ਲੋੜ ਹੈ, ਤਨਖਾਹ
ਹਰ ਹਫ਼ਤੇ, ਨਵੇਂ ਬਰੈਂਡ ਨਿਊ ਟੱਰਕ,
ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ।

**Location:** 75 Rexdale Blvd, Etobicoke, M9W 1P1

**Date:** Friday, March 8th from
8 am to 5 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues
- Referral Bonus
- Competitive Hourly Pay Structure

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL | TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

## ਹੁਣ ਖੁਲ ਗਿਆ ਹੈ ਬਰੈਂਪਟਨ ਵਿੱਚ

RAINBOW INTERNATIONAL RESTORATION

# Residential & Commercial Restoration/Cleaning Services

| Restoration Services | Cleaning Services |
|---|---|
| Water Damage Mitigation | Carpet Cleaning |
| Fire and Smoke Restoration | Spot and Stain Removal |
| Mould Remediation | Air Duct Cleaning |
| Contents Inventory & Pack-out | Tile and Grout Cleaning |
| Biohazard Cleanup | Odour Removal |
| | Power Washing |

ਘਰ/ਦਫਤਰ ਜਾਂ *Commercial* ਕਿਸੇ ਵੀ *Building* ਦੀ ਹਰ ਸਮਸਿਆ ਦਾ ਸਿਕੇ ਬੰਦ ਹਲ – ਜਿਵੇਂ ਕਿ :-

- ਦਿਵਾਰ/ਛੱਤ/ ਜਾਂ ਬੈਸਮੇਂਟ ਵਿੱਚ ਪਾਣੀ ਦੀ *Leakage* (ਸਿਮਣਾ) ਨੂੰ ਬਾਰੀਕੀ ਨਾਲ ਜਾਂਚ ਕਰਕੇ ਤੁਰੰਤ ਸੀਲ ਵਾਂਗੂ ਬੰਦ ਕਰਨਾ।
- ਘਰ ਵਿਚੋ ਧੂੰਆ/ਜਾਂ ਜਹਿਰੀਲੀ ਗੈਸ ਦੀ smell ਨੂੰ ਜਾਂਚ ਕੇ *Control* ਕਰਣਾ ਤੇ ਉਸ ਨੂੰ ਅੱਗ ਆਦਿ ਲਗਣ ਤੋਂ ਬਚਾਉਣਾ।
- *Air Duct Cleaning with powerful vacuum pumps* – ਇਨ੍ਹਾਂ ਦੀ ਕਿਤੀ ਦਾ ਫਰਕ ਤੁਸੀ ਖੁਦ ਮਹਿਸੂਸ ਕਰੋਗੇ।
- *Carpet/Tiles/Sofa* ਆਦਿ ਦੇ ਦਾਗਾਂ ਨੂੰ ਜੜ ਤੋਂ ਖਤਮ ਕਰਕੇ *Sanitize* ਕਰਕੇ ਨਵੇਂ ਵਰਗਾ ਬਣਾਉਣਾ।

***905.487.4500 | rainbowintl.com/brampton***

*188 Wilkinson Rd #6, Brampton, ON L6T 4W9 (Dixie & Advance Blvd.)*




ਜ਼ਰੂਰਤ ਪੈਣ ਤੇ ਇਨਾਂ ਦੀ *Special Van 15-20 Dryer/Humidifier* ਲੈ ਕੇ ਹਾਦਸੇ ਵਾਲੀ ਜਗ੍ਹਾ ਤੇ ਪਹੁੰਚ ਕੇ ਤੁਹਾਡੇ ਜਾਨ ਮਾਲ ਦਾ ਨੁਕਸਾਨ ਹੋਣ ਤੋਂ ਬਚਾਉਣ ਵਿੱਚ ਤੁਹਾਡੀ ਮਦਦ ਕਰਨਗੇ।

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*
*Some Conditions Apply

Top 1% Ranked in Broker
Call For a Quick & Free Home Evaluation
www.BramptonQuickHomeEvaluation.com
(**2016,2015,2014,2013 2012,2011,2010) **(2009,2008) **RE/MAX International (2010) **(2014)

**Urgently Need New Listing in Brampton/GTA Call Jag Today To Sell Your Property For Top $$$ & Accurate Price**

FOR SALE — BRAMPTON $679,905
ਚਿੰਗਕੂਜ਼ੀ/ਵੀਲੀਅਮ ਪਾਕ੍ਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਂਡ 4 ਵਾਸ਼ਰੂਮ ਘਰ, ਨਵਾਂ ਪੇਂਟ, ਲੇਮੀਨੇਟ ਫਲੋਰ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $839,905
ਬਰੈਮਲੀ/ਸੈਂਡਲਵੁਡ
ਬਹੁਤ ਹੀ ਸੋਹਣਾ 4 ਬੈਡਰੂਮ ਦਾ ਡਿਟੈਚ ਘਰ, ਜਿਸ ਵਿੱਚ ਕਿ 2 ਬੈਡਰੂਮ ਦੀ ਫੀਨਿਸ਼ਡ ਬੈਸਮੈਂਟ ਬਣੀ ਹੋਈ ਹੈ, ਹਾਰਡਵੁਡ ਫਲੋਰ, ਸਟੇਨਲੈਸ ਸਟੀਲ ਅਪਲਾਇੰਸਿਸ, ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ, ਸਕੂਲ, ਪਾਰਕ ਆਦਿ ਸਹੂਲਤਾਂ ਦੇ ਨੇੜੇ।

3 Car Garage — FOR SALE — BRAMPTON $1,469,905
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ

SOLD — BRAMPTON $779,905
ਏਅਰਪੋ੍ਰਟ ਰੋਡ/ ਕੈਸਲਮੋਰ
SOLD AT 99% OF ASKING IN 2 WEEKS

3 Car Garage — FOR SALE — BRAMPTON $1,699,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft), 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲ਼ਿੰਗ, 9 ਫੁੱਟ ਸੀਲਿੰਗ, ਅਪਗ੍ਰੇਡਜ਼, 90 ਪੋਟ ਲਾਈਟਸ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $839,905
ਵੀਲਿਅਮਜ਼ ਪਾਕ੍ਵੇ/ਜੇਮਜ਼ ਪੋਟਰ
ਬਹੁਤ ਸੋਹਣਾ 4+1 ਬੈਡਰੂਮ , 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੁਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

Carte WEALTH MANAGEMENT INC.
KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Home and Auto Insurance***
Free Tax Filing For New Immigrants
416-271-4877 Email: sukhwinder.kang@cartewm.com
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.

TRANSAM CARRIERS INC.
ਵਧੇਰੇ ਮੀਲਾਂ, ਵੱਧ ਕਮਾਈ
ਹੋਰ ਨਵੇਂ ਉਪਕਰਨ,
ਅਤੇ ਵਧੇਰੇ ਸਨਮਾਨ

HIRING
✓ COMPANY DRIVERS A-Z — up to $0.70 per mile
✓ OWNER OPERATORS A-Z, D-Z — up to $1.90 per mile



H E R E F O R T H E L O N G H A U L
12 YEARS OF SUCCESS

Why us?
- WEEKLY PAY BY DIRECT DEPOSIT
- COMPETITIVE PAY PACKAGES
- REFERRAL AND SIGN-ON BONUSES
- SHORT AND LONG HAUL RUNS
- NEW VOLVO TRUCKS
- SHARE TRUCK OPTION
- DEDICATED RUNS
- CONSISTENT WORK YEAR ROUND
- NO DELIVERIES IN GTA
- NO SLIP SEATING
- BILINGUAL DISPATCH

We ask for:
- 2 years experience
- CVOR / Driver's abstract in good standing
- Criminal background search

Check out some our Google reviews

Adam Durczok ★★★★★
If anyone looking for a decent place to work for then Transam is the right place to be. Out of my 25 years of driving for lot of other places this one is number 1. Great Dispatch, Great office staff. Amazing owners. Respectable and honest place to work.

Tahir S ★★★★★
Decent and much better than other companies, plenty of work, nice dispatch and nice people.

Kuldip Singh ★★★★★

PLEASE, CONTACT
James Taylor: 416-907-8101 x5
Len Bahinski: 416-907-8101 x4055
Toll-Free: 877-907-8101
hr@transamcarriers.com
@TransamCarriers
@Transam_Carriers
205 Doney Crescent,
Concord ON L4K 1P6
www.transamcarriers.com
SmartWay Transport Partner · CTA · FAST · PIP